ਮਾਸਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਯਾ ਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥

JAN 1989

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ

## ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ

ਜਨਵਰੀ ੧੯੮੯

ਅਖੰਡ ਕੀਰਤਨੀ ਜਥਿਆਂ ਵਲੋਂ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਲੁਧਿਆਣਾ ਵਿਖੇ ੧੨ ਤੋਂ ੧੫ ਜਨਵਰੀ ੧੯੮੯ ਨੂੰ ਮਨਾਇਆ ਜਾ ਰਿਹਾ ਹੈ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ 3/70-68-4 (ਅ.ਪ.) ਮਿਤੀ 17.10.68 ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਮਹਾਪੁਰਖ ਕਾਹੂ ਨ ਪਛਾਨਾ | ੩ | ਪਾ: ੧੦, ਬਚਿਤ੍ਰ ਨਾਟਕ |
| ਸ੍ਰੀ ਦਸਮੇਸ਼ ਜੀ ਦਾ ਆਦਰਸ਼ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰੂ ਨਾਨਕ-ਜੋਤਿ ਦਸਮੇਸ਼ ਜੀ | ੭ | ਡਾਕਟਰ ਤਾਰਨ ਸਿੰਘ ਜੀ |
| ਤਹ ਹਮ ਅਧਿਕ ਤਪੱਸਿਆ ਸਾਧੀ | ੧੧ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਦੇਵੀ ਪ੍ਰਗਟ ਕਰਨ ਦਾ ਕਿੱਸਾ | ੧੩ | ਲਾਲਾ ਦੌਲਤ ਰਾਇ ਜੀ |
| ਗੁਰੂ ਗੋਬਿੰਦ ਸਿੰਘ ਜੀ ਅਤੇ ਦੇਵੀ ਪੂਜਾ | ੧੫ | ਪ੍ਰਿੰਸੀਪਲ ਸੁਰਜੀਤ ਸਿੰਘ ਜੀ |
| ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਪਰਵਾਰ | ੨੨ | ਸ: ਨਰੈਣ ਸਿੰਘ ਜੀ ਐਮ. ਏ. |
| ਉਹ ਘਰ ਵਡਭਾਗੀ ਹੈ (ਕਵਿਤਾ) | ੨੫ | ਕੈਪਟਨ ਰਣਧੀਰ ਸਿੰਘ ਜੀ |
| ਸ੍ਰੀ ਦਸਮੇਸ਼ ਕ੍ਰਿਤ-ਜਾਪ ਸਾਹਿਬ, ਤ੍ਵ ਪ੍ਰਸਾਦਿ ਸਵਯੇ ਤੇ ਬੇਨਤੀ ਚੌਪਈ | ੨੬ | ਗੁਰਬਾਣੀ ਥਰੈਪੀ ਟ੍ਰਸਟ |
| ਦਸਮੇਸ਼ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ | ੩੫ | ਡਾਕਟਰ ਗੋਬਿੰਦ ਸਿੰਘ ਜੀ |
| ਪ੍ਰਗਟੇ ਗੁਪਾਲ ਗੋਬਿੰਦ ਲਾਲਨ (ਕਵਿਤਾ) | ੩੬ | ਭਾ:ਸਾ: ਭਾਈ ਰਣਧੀਰ ਸਿੰਘ ਜੀ |
| ਟੁੱਟੀ ਗੰਢਣਹਾਰ ,, | ੩੭ | ਭਾਈ ਸੁਖਦੇਵ ਸਿੰਘ ਜੀ |
| ਓ ਕਲਗੀ ਵਾਲਿਆ ! ,, | ੩੭ | ਸ: ਉਜਾਗਰ ਸਿੰਘ ਉਲਫ਼ਤ |
| ਭੀਖਣ ਸ਼ਾਹ ਦੀ ਦੀਦਾਰ ਸਿੱਕ ,, | ੩੮ | ਗਿ: ਗੋਪਾਲ ਸਿੰਘ ਜੀ ਮਿੱਤਰ |
| ਸਤਿਗੁਰੂ ਦਾਤਾ ਹਰਿ ਨਾਮ ਕਾ | ੩੯ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਬਾਣੀ ਕਹੇ ਜੋ, ਕਰੀਏ ਕਾਰ ਓਹਾ (ਕਵਿਤਾ) | ੪੧ | ਸ: ਅਤਰ ਸਿੰਘ ਜੀ ਨੀਰ |
| ਅਬਲਾਵਾਂ ਤੋਂ ਸਿੰਘਣੀਆਂ | ੪੨ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਗੁਰ-ਇਤਿਹਾਸ ਤੇ ਸਿਖ ਇਤਿਹਾਸ ਦੀਆਂ ਮਹੱਤਵ-ਪੂਰਨ ਤਰੀਕਾਂ | ੪੩ | — — — |
| ਗੁਰਪੁਰਬ ਅਤੇ ਕੈਲੰਡਰ ੧੯੮੯ | ੪੬-੪੭ | — — — |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ ੧੪ ਜਨਵਰੀ

ਨੋਟ :—ਸੂਬੇਦਾਰ ਧਰਮ ਸਿੰਘ ਜੀ ਵਲੋਂ ਛਪਣ ਲਈ ਛੇ ਲੇਖ ਪੁਜੇ ਹੋਏ ਹਨ। ਉਨ੍ਹਾਂ ਦੇ ਲੇਖ "ਕਾਹੇ ਜਗਿ ਆਏ ਰਾਮ ਰਾਜੇ" ਦੀ ਦੂਜੀ ਕਿਸ਼ਤ ਆਉਂਦੇ 'ਸੂਰਾ' ਪੱਤਰ ਵਿਚ ਛਪੇਗੀ।

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਭਾ: ਕੁਲਦੀਪ ਸਿੰਘ, ਵਿਸ਼ਾਖਾਪਟਨਮ | ਸੂਰਾ ਦੀ ਚੜ੍ਹਦੀ ਕਲਾ ਲਈ | ੫੦—੦੦ |
| ਸ: ਦਿਆਲ ਸਿੰਘ ਸਲੇਮਪਰ ਮਸੰਦਾਂ | ,, ,, ,, | ੨੦—੦੦ |
| ਭਾ: ਰਣਧੀਰ ਸਿੰਘ, ਦਿੱਲੀ | ਬੀਬੀ ਰਛਪਾਲ ਕੌਰ ਦੀ ਯਾਦ ਵਿਚ | ੧੦੧—੦੦ |
| ਸ੍ਰੀਮਤੀ ਬਚਨ ਕੌਰ, ਬੇਲਾ ਰਾਮਗੜ੍ਹ | ਸੂਰਾ ਦੀ ਚੜ੍ਹਦੀ ਕਲਾ ਲਈ | ੫੧—੦੦ |
| ਗੁਪਤ ਦਾਨ | ,, ,, ,, | ੫੦—੦੦ |
| ਸ: ਹਰਭੁਪਿੰਦਰ ਸਿੰਘ, ਸਹਾਰਨਪੁਰ | ,, ,, ,, | ੨੧—੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੧-੮੯ ਨੂੰ ਪ੍ਰਕਾਸ਼ਤ ਕੀਤਾ
ਟੈਲੀਫੋਨ ਨੰਬਰ : 51847 ਘਰ : 43094

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ
ਦੇਸ ੧੫-੦੦
ਇਕ ਪਰਚਾ ੧-੫੦
ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

ਅਮਾਨਤੀ
ਲਾਈਫ ਮੈਂਬਰ
ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਜਨਵਰੀ ੧੯੯੯ ਅੰਕ ੧


## ਮਹਾਪੁਰਖ ਕਾਹੂ ਨ ਪਛਾਨਾ

ਚੌਪਈ– ਜੇ ਜੇ ਗਉਸ ਅੰਬੀਆ ਭਏ ॥ ਮੈ ਮੈ ਕਰਤ ਜਗਤ ਤੇ ਗਏ ॥
ਮਹਾਪੁਰਖ* ਕਾਹੂ ਨ ਪਛਾਨਾ ॥ ਕਰਮ ਧਰਮ ਕੋ ਕਛੂ ਨ ਜਾਨਾ ॥੪੫॥ .....
ਜੇ ਜੇ ਭੇਖ ਸੁ ਤਨ ਮੈ ਧਾਰੈ ॥ ਤੇ ਪ੍ਰਭ ਜਨ ਕਛੁ ਕੈ ਨ ਬਿਚਾਰੈ ॥
ਸਮਝ ਲੇਹੁ ਸਭ ਜਨ ਮਨ ਮਾਹੀ ॥ ਡਿੰਭਨ† ਮੈ ਪਰਮੇਸੁਰ ਨਾਹੀ ॥੫੩॥.....

ਦੋਹਰਾ– ਭੇਖ ਦਿਖਾਇ ਜਗਤ ਕੋ, ਲੋਗਨ ਕੋ ਬਸਿ ਕੀਨ ॥
ਅੰਤ ਕਾਲ ਕਾਤੀ ਕਟਿਓ, ਬਾਸੁ ਨਰਕ ਮੋ ਲੀਨ ॥੫੬॥

ਰਸਾਵਲ ਛੰਦ– ਨ ਜਟਾ ਮੂੰਡ ਧਾਰੋਂ ॥ ਨ ਮੁਦ੍ਰਕਾ ਸਵਾਰੋਂ ॥
ਜਪੋਂ ਤਾਸ ਨਾਮੰ ॥ ਸਰੈ ਸਰਬ ਕਾਮੰ ॥੫੧॥
ਨ ਨੈਨੰ ਮਿਚਾਊਂ ॥ ਨ ਡਿੰਭੰ ਦਿਖਾਊਂ ॥
ਨ ਕੁਕਰਮੰ ਕਮਾਊਂ ॥ ਨ ਭੇਖੀ ਕਹਾਊਂ ॥੫੨॥

ਦੋਹਰਾ– ਜੋ ਨਿਜ ਪ੍ਰਭ ਮੋ ਸੋ ਕਹਾ, ਸੋ ਕਹਿ ਹੋਂ ਜਗ ਮਾਹਿ ॥
ਜੋ ਤਿਹ ਪ੍ਰਭ ਕੋ ਧਿਆਇ ਹੈ, ਅੰਤ ਸੁਰਗ ਕੋ ਜਾਹਿ ॥੫੯॥

ਪ੍ਰਾ ੧੦, ਬਚਿਤ੍ਰ ਨਾਟਕ, ਧਿਆਇ ੬

* ਮਹਾਪੁਰਖ = ਵਾਹਿਗੁਰੂ । † ਡਿੰਭਨ ਮੈ = ਪਖੰਡਾਂ ਵਿਚ ।




www.AKJ.Org

# ਸ੍ਰੀ ਦਸਮੇਸ਼ ਜੀ ਦਾ ਆਦਰਸ਼

## ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਆਮ ਲੋਕਾਂ ਦਾ ਖ਼ਿਆਲ ਹੈ ਅਤੇ ਬਹੁਤ ਸਾਰੇ ਨਵੀਨ ਰਵਸ਼ ਦੇ ਸਿੱਖਾਂ ਨੂੰ ਭੀ ਇਹ ਭੁਲੇਖਾ ਲੱਗਿਆ ਹੋਇਆ ਹੈ ਕਿ ਸ੍ਰੀ ਦਸਮੇਸ਼ ਜੀ ਸਾਹਿਬ ਦਾ ਆਦਰਸ਼ ਦੂਜੇ ਗੁਰੂ ਸਾਹਿਬਾਨ ਦੇ ਆਦਰਸ਼ ਨਾਲੋਂ ਅੱਡਰਾ ਹੈ। ਬਹੁਤ ਸਾਰੇ ਲੋਕ ਕਈ ਵਾਰੀ ਇਹ ਭੀ ਕਹਿ ਦਿਆ ਕਰਦੇ ਹਨ ਕਿ ਸ੍ਰੀ ਗੁਰੂ ਛੇਵੀਂ ਪਾਤਸ਼ਾਹੀ ਅਤੇ ਗੁਰੂ ਦਸਮੇਸ਼ ਸਾਹਿਬ ਜੀ ਦਾ ਆਦਰਸ਼ ਤਾਂ ਇੱਕੋ ਹੀ ਹੈ ਅਤੇ ਬਾਕੀ ਅੱਠੇ ਸਤਿਗੁਰੂ ਸਾਹਿਬਾਂ ਦਾ ਆਦਰਸ਼ ਇਨ੍ਹਾਂ ਤੋਂ ਭਿੰਨ ਅਤੇ ਵੱਖਰਾ ਹੈ।

ਅਜਿਹੇ ਸੱਜਣਾਂ ਨੂੰ ਇਹ ਧੋਖਾ ਲਗਦਾ ਹੈ। ਅਤੇ ਇਹ ਆਦਰਸ਼-ਮਿਸ਼ਨੀ ਫ਼ਰਕ ਇਸ ਕਰਕੇ ਓਹਨਾਂ ਨੂੰ ਭਾਸਦਾ ਹੈ ਕਿ ਓਹਨਾਂ ਦੇ ਭਾ ਦਾ ਇਹਨਾਂ ਦੋਹਾਂ ਗੁਰੂ ਸਾਹਿਬਾਨ ਨੇ ਤਾਂ ਤਲਵਾਰੀ ਚੁਕੀ ਅਤੇ ਬਾਕੀ ਅੱਠੇ ਗੁਰੂ ਸਾਹਿਬਾਨ ਸ਼ਾਂਤਮਈ ਰਹੇ।

ਓਹਨਾਂ ਨੂੰ ਇਹ ਪਤਾ ਨਹੀਂ ਕਿ ਆਦਰਸ਼ ਦਾ ਅਸਲੀ ਭਾਵ ਕੀ ਹੈ ? ਸ਼ਾਂਤ-ਮਈ ਰਹਿਣਾ ਅਥਵਾ ਤਲਵਾਰ ਚੁੱਕਣਾ ਵਾਸਤਵੀ ਆਦਰਸ਼ ਨਹੀਂ, ਜਿਸ ਕਾਰਨ ਕਿ ਗੁਰੂ ਸਾਹਿਬਾਨ ਨੇ ਅਵਤਾਰ ਧਾਰਨ ਕੀਤਾ। ਨਿਰੋਲ ਸ਼ਾਂਤਮਈ ਰਹਿਣਾ ਅਥਵਾ ਤਲਵਾਰ ਹੀ ਗਹਿਣਾ ਕੋਈ ਉੱਚਾ ਸੁੱਚਾ ਅਤੇ ਸੱਚਾ ਆਦਰਸ਼ ਨਹੀਂ।

ਦਸੋਂ ਗੁਰੂ ਸਾਹਿਬਾਨ ਦਾ ਇੱਕੋ ਸਾਂਝਾ ਆਦਰਸ਼ ਹੈ ਅਤੇ ਇਹ ਆਦਰਸ਼ ਆਨ ਮੱਤ-ਮਤਾਂਤ੍ਰਾਂ ਦੇ ਆਗੂਆਂ ਅਤੇ ਰੀਫ਼ਾਰਮਰਾਂ ਨਾਲੋਂ ਉੱਚਾ ਅਤੇ ਵਿਲੱਖਣ ਆਦਰਸ਼ ਹੈ। ਇਸ ਵਿਲੱਖਣ ਆਦਰਸ਼ ਦੇ ਆਦਰਸ਼ੀ ਗੁਰੂ ਸਾਹਿਬਾਨ, ਦਸੇ ਗੁਰ ਸ਼ਾਹਿਬਾਨ ਦੀ ਵਜੂਦ-ਵਿਸ਼ੇਸ਼ਤਾ ਹੀ ਆਮ ਸੰਸਾਰੀਆਂ ਨਾਲੋਂ ਵਿਲੱਖਣ ਹੈ। ਇਸ ਵਿਲੱਖਣਤਾ ਦਾ ਸ਼ੁਧ ਸਰੂਪ ਲਖਸ਼ ਇਸ ਗੁਰਵਾਕ ਅੰਦਰ ਹੈ:—

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਕਾਰੀ ਆਏ...॥੨॥ (੪॥੭॥੫੪)

ਸੂਹੀ ਮਹਲਾ ੫, ਪੰਨਾ ੭੪੯

ਗੁਰੂ ਸਾਹਿਬਾਨ ਦਾ ਆਗਮਨ ਆਮ ਸੰਸਾਰੀਆਂ ਵਤ ਚਉਰਾਸੀ ਭੁਗਤਣ ਲਈ ਨਹੀਂ, ਸਗੋਂ ਚਉਰਾਸੀ ਭੁਗਤਾਉਣ, ਅਰਥਾਤ ਚਉਰਾਸੀ ਕੱਟਣ ਲਈ ਹੈ। ਜਿੱਥੇ ਗੁਰੂ ਸਾਹਿਬਾਨ ਦਾ ਆਗਮਨ ਵਿਲੱਖਣ ਹੈ, ਉੱਥੇ ਗੁਰੂ ਸਾਹਿਬਾਨ ਦਾ ਆਦਰਸ਼ ਭੀ ਵਿਲੱਖਣ ਹੈ। ਪਰਉਪਕਾਰ ਭੀ ਗੁਰੂ ਸਾਹਿਬਾਨ ਦਾ ਵਿਲੱਖਣ ਹੈ। ਸੋਸ਼ਲ ਰੀਫ਼ਾਰਮਰਾਂ ਵਾਲਾ ਸ਼ੁਸ਼ਕ ਉਪਕਾਰ ਨਹੀਂ। ਦੇਸ਼-ਭਗਤੀ ਵਾਲਾ ਰਾਜ-ਤ੍ਰਿਸ਼ਨਾਲੂ ਉਪਕਾਰ ਨਹੀਂ। ਪ੍ਰਸਿੱਧਤਾ ਵਾਲਾ ਨਿਰਾ ਆਚਾਰ-ਸੁਧਾਰ ਡੀਂਗ-ਮਾਰ ਉਪਕਾਰ ਨਹੀਂ। ਗੁਰੂ ਸਾਹਿਬਾਨ ਦਾ ਪਰਉਪਕਾਰ ਨਿਰਾ ਮੁਕਤਿ-ਨਿਰਬਾਨ-ਜੁਗਤੀ-ਉਪਕਾਰ ਨਹੀਂ, ਗੁਰੂ ਸ਼ਾਹਿਬਾਨ ਦਾ ਆਦਰਸ਼ਕ ਉਪਕਾਰ "ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ" ਗੁਰਵਾਕ ਦੇ ਨਾਲ ਲਗਦੀ ਅਗਲੀ ਤੁਕ:—

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

ਅੰਦਰ ਅੰਕ੍ਰਿਤ ਹੈ। ਆਤਮ ਦਾਨ ਦੇ ਕੇ ਪ੍ਰਾਣੀ ਮਾਤ੍ਰ ਨੂੰ ਪ੍ਰਮਾਤਮਾ ਦੀ ਭਗਤੀ ਲਾਇਨਿ ਕਰਕੇ "ਹਰਿ ਸਿਉ ਲੈਨਿ ਮਿਲਾਏ" ਵਾਲੀ ਸਭ ਤੋਂ ਉੱਚੀ ਦਾਤਿ ਬਖ਼ਸ਼ਸ਼ ਵਿਚ ਹੈ। ਇਹ ਗੁਰੂ ਸਾਹਿਬਾਨ ਦਾ ਆਦਰਸ਼ ਵਿਲੱਖਣੀ ਮੇਅਰਾਜ (ਮਰਾਤਬਾ) ਹੈ।

ਇਸੇ ਆਦਰਸ਼ ਦੇ ਪਰਉਪਕਾਰ ਨੂੰ ਲੈ ਕੇ ਸ੍ਰੀ ਗੁਰੂ ਦਸਮੇਸ਼ ਜੀ ਗੁਰੂ ਨਾਨਕ ਜਾਮੇ ਵਿਚ ਅਵਤਰੇ ਅਤੇ ਏਸੇ ਦੀ ਆਦਰਸ਼ ਤਕਮੀਲ (ਪੂਰਤੀ) ਨੂੰ ਤੋੜ ਪੁਜਾਵਣ ਹਿਤ ਗੁਰੂ ਨਾਨਕ ਦਸਮੇਸ਼ ਦਸੋਂ ਗੁਰੂ ਜਾਮਿਆਂ ਵਿੱਚ ਪਰਗਟ ਹੋਏ। ਏਸੇ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ" ਵਾਲੇ ਆਦਰਸ਼ਕ ਉਪਕਾਰ



www.AKJ.Org

ਹਿਤ, ਇਹੋ ਆਦਰਸ਼ਕ ਉਪਕਾਰ-ਮਈ ਸੱਚਾ ਅਤੇ ਅਟੱਲ ਧਰਮ ਵਿਥਾਰਨ ਹਿਤ ਹਰ ਇੱਕ ਗੁਰੂ ਪਾਤਸ਼ਾਹੀ, ਸੱਚੀ ਪਾਤਸ਼ਾਹੀ ਦਾ ਅਵਤਾਰ ਜਗਤ ਵਿੱਚ ਹੋਇਆ। 'ਸੱਚੇ ਸੇਤੀ ਰਾਤੇ' ਜੀਅ ਦਾਨ ਬਖ਼ਸ਼ਾਰੇ ਸੱਚੇ ਪਾਤਸ਼ਾਹ ਦਸੇ ਗੁਰੂ ਸਾਹਿਬਾਨ ਨੇ ਸੱਚੀ ਪਾਤਸ਼ਾਹੀ ਦਾ ਸੱਚਾ ਅਮਰ ਵਰਤਾਇਆ।

**ਨਾਮ ਦਾ ਦੁਧਾਰਾ ਖੰਡਾ—**

ਇਸ ਅਮਰ ਵਰਤਾਉ ਨਮਿੱਤ ਗੁਰੂ ਸਾਹਿਬਾਨ ਨੇ ਨਾਮ ਦਾ ਦੁਧਾਰਾ ਖੰਡਾ ਖੜਕਾਇਆ। ਇਸ ਖੰਡੇ ਦੀ ਇੱਕ ਧਾਰ ਤਾਂ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਰੂਪੀ ਪੰਚਾਂ ਦੂਤਾਂ ਨੂੰ ਮਾਰ ਬਿਦਾਰ ਕੇ, ਕੋਟਿ ਅਸੰਖ ਪਾਪਾਂ ਦੇ ਕੱਟਣ ਲਈ ਸਮਰੱਥ ਹੋਈ ਅਤੇ ਦੂਜੀ ਧਾਰ ਨੇ ਜਗਿਆਸੂਆਂ ਦੇ ਘਟਾਂ ਅੰਦਰ ਆਤਮਕ ਜੋਤਿ ਜਗਾਵਣੀ ਜਾਗ ਲਾਇਆ। ਇਹ ਦੁਧਾਰਾ ਖੰਡਾ ਪੰਜਾਂ ਦੂਤਾਂ ਦੇ ਪੁੰਜ ਪਾਪਿਸ਼ਟ ਪ੍ਰਾਣੀਆਂ ਨੂੰ ਆਪਣੀ ਪਾਰਸ-ਕਲਾ ਦੁਆਰਾ ਸੋਧ ਕੇ ਬਾਰ੍ਹਾਂ-ਵੰਨੀ ਦੇ ਕੰਚਨ ਵਤ ਜਾਗਦੀ ਜੋਤਿ ਵਾਲੇ ਸ਼ੁੱਧ ਪੁੰਨਿ-ਆਤਮ-ਧਰਮੀ ਜੀਵਨ ਵਿਚ ਪਲਟਾਉਣ ਹਿਤ ਇਕ ਜਾਵਦਾਨੀ ਕੀਮੀਆ (ਸਦੀਵੀ ਰਸਾਇਣ) ਸਾਬਤ ਹੋਇਆ।

ਨਾਮ ਦਾ ਖੰਡਾ ਖੜਕਾ ਕੇ ਗੁਰੂ ਸਾਹਿਬਾਨ ਨੇ ਧਰਮ ਅੰਸ਼ ਨੂੰ ਜਗਾਇਆ ਅਤੇ ਪਾਪ ਅੰਸ਼ ਨੂੰ ਦਮਨ ਕੀਤਾ। ਇਸ ਬਿਧਿ ਇਸ ਪਵਿੱਤਰ ਪਾਰਸ-ਖੰਡੇ ਦੀ ਕਲਾ ਵਰਤਾ ਕੇ ਗੁਰੂ ਸਾਹਿਬਾਨ ਨੇ ਇਸ ਸੰਸਾਰ ਦੇ ਅਨੇਕ ਪ੍ਰਾਣੀਆਂ ਦੀ ਜੀਵਨ-ਮੁਕਤਿ-ਕਲਿਆਣ ਕੀਤੀ ਅਤੇ ਅਨੇਕਾਂ ਦੀ ਮਰਨ-ਮੁਕਤ-ਕਲਿਆਣ ਕੀਤੀ।

**ਜੀਵਨ-ਮੁਕਤ ਤੇ ਮਰਨ-ਮੁਕਤ—**

ਜੀਵਨ-ਮੁਕਤ-ਕਲਿਆਣ ਤਿਨ੍ਹਾਂ ਦੀ ਕੀਤੀ, ਜਿਨ੍ਹਾਂ ਨੂੰ ਜੀਉਂਦੇ-ਜੀਅ ਨਾਮ ਦੀ ਜੀਵਨ-ਬੂਟੀ ਦੇ ਕੇ ਅੰਤਰ ਜੋਤਿ-ਜਗੰਨੇ ਅਮਰ ਜੀਵਨ ਵਿੱਚ ਸੁਰਜੀਤ ਕੀਤਾ। ਤਿਨ੍ਹਾਂ ਉੱਤੇ ਤਾਂ ਜੀਉਂਦੇ-ਜੀਅ ਏਸੇ ਜਾਮੇ ਅੰਦਰ ਆਤਮ-ਰੰਗ ਲਾ ਕੇ ਪ੍ਰਮਾਤਮ-ਦਰਸ-ਪ੍ਰਕਾਸ਼ੀ ਨਦਰਾਂ ਮਿਹਰਾਂ ਕੀਤੀਆਂ, ਅਤੇ ਮਰਨ-ਮੁਕਤਿ ਕਲਿਆਣ ਉਨ੍ਹਾਂ ਦੀ ਕੀਤੀ ਜਿਨ੍ਹਾਂ ਨੂੰ :— ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥ਰਹਾਉ॥ (੪॥੫)

ਮਾਰੂ ਮਹਲਾ ੫, ਪੰਨਾ ੧੦੦੦

ਦੇ ਭਾਵ ਅਨੁਸਾਰ ਚਲਾਣੇ ਸਮੇਂ ਪੂਰਨ ਆਤਮ ਪ੍ਰਕਾਸ਼ ਅਤੇ ਪ੍ਰਮਾਤਮ-ਦਰਸ-ਵਿਗਾਸ ਹੋਏ। ਜਿਵੇਂ ਜਿਵੇਂ ਅਤੇ ਜਿਸ ਜਿਸ ਜੀਵਨ ਅਵਸਥਾ ਵਿਖੇ ਨਾਮ ਦੇ ਅਮੋਘ ਬਾਣ ਲੱਗੇ, ਤਿਵੇਂ ਤਿਵੇਂ ਅਤੇ ਉੱਥੇ ਉੱਥੇ ਹੀ ਕਲਿਆਣ-ਕਾਰੀ-ਚੋਜ-ਕਲਾ ਵਰਤਾਈ ਗਈ ਸੀ। ਹਾਂ ਜੀ ! ਚੋਜੀ ਸਤਿਗੁਰੂ ਨੇ ਹਰੇਕ ਗੁਰ-ਜਾਮੇ ਵਿਚ ਪ੍ਰੇਮ ਦੇ ਬਾਣ ਵਾਹ ਕੇ ਹੀ ਕਲਿਆਣ ਕੀਤੀ ਹੈ। ਜਿਥੇ ਪਹਿਲੇ ਜਾਮੇ ਵਿੱਚ ਕੌਡੇ ਰਾਖਸ਼ ਜਹੇ ਮਹਾਂ ਬਿਖਾਦੀ ਦੁਸ਼ਟ ਅਪਵਾਦੀ ਦੀ ਦੁਸ਼ਟਤਾ ਦਮਨ ਕਰ ਕੇ, ਨਾਮ ਦਾ ਖੰਡਾ ਖੜਕਾ ਕੇ ਉਸ ਦੀ ਕਲਿਆਣ ਕੀਤੀ ਹੈ ਉਥੇ ਛੇਵੇਂ ਜਾਮੇ ਵਿਚ ਪੈਂਦੇ ਖ਼ਾਂ ਜਹੇ ਹੈਂਕੜਬਾਜ਼ਾਂ ਦੀ ਦੁਧਾਰੇ ਖੰਡੇ ਦੁਆਰਾ ਕਲਾਧਾਰੀ ਸਤਿਗੁਰੂ ਨੇ ਕਲਿਆਣ ਕੀਤੀ। ਇਸੇ ਤਰ੍ਹਾਂ ਪ੍ਰੇਮ ਦੇ ਕਲਾਧਾਰੀ ਬਾਣ ਵਾਹ ਕੇ ਦਸਵੇਂ ਜਾਮੇ ਵਿਚ ਸ੍ਰੀ ਗੁਰੂ ਕਲਗੀਧਰ ਜੀ ਨੇ ਸ਼ੱਤਰੂ-ਦਲ ਦਾ ਸ਼ੱਤਰਪਣ ਤੋੜ, ਰੱਬੀ ਮੰਜ਼ਲਾਂ ਦੀ ਪ੍ਰੇਮ-ਤਾਰ ਵਿਖੇ ਜੋੜਿਆ।

ਭੁੱਲਿਓ ਲੋਕੋ ! ਕੀ ਇਹ ਸ਼ੱਤਰਤਾ ਦੇ ਬਾਣ ਸਨ, ਜੋ ਸ੍ਰੀ ਦਸਮੇਸ਼ ਜੀ ਨੇ ਸ਼ੱਤਰੂ ਦਲ ਤੇ ਵਾਹੇ ? ਨਹੀਂ ! ਨਹੀਂ !! ਇਹ ਤਾਂ ਕਲਿਆਣ-ਦਾਤੇ ਪ੍ਰੇਮ ਦੇ ਅਮੋਘ ਛਾਂਦੇ ਸਨ, ਜੋ ਵਡਭਾਗਿਆਂ ਨੂੰ ਮਿਲੇ। ਇਤਿਹਾਸ ਇਸ ਗੱਲ ਦੀ ਸ਼ਾਹਦੀ ਦਿੰਦਾ ਹੈ ਕਿ ਜਿਸ ਜਿਸ ਜੋਧੇ ਨੂੰ ਸ੍ਰੀ ਦਸਮੇਸ਼ ਧਨੁਖਧਾਰੀ ਦੇ ਤੇਜ-ਪਾਰਸੀ-ਮੁਖੀ ਵਾਲੇ ਬਾਣ ਲੱਗੇ, ਤਿਸ ਤਿਸ ਦੇ ਹਿਰਦੇ ਵਿਚ ਪ੍ਰੇਮ ਦੀ ਝਰਨਾਹਟ ਫਿਰ ਗਈ ਤੇ ਤਿਸ ਤਿਸ ਨੂੰ ਹੀ ਬਿਸਮਾਦ ਰਸ ਦੇ ਅਗਾਧ ਸੁਆਦ ਆਏ। ਪੀੜਾ ਦੇ ਥਾਉਂ ਪ੍ਰੇਮ-ਨਿਮਗਨਤਾ ਹੋਈ। 'ਹਾਇ, ਉਫ਼' ਦੀ ਥਾਉਂ 'ਵਾਹੁ ਵਾਹੁ, ਧੰਨ ਧੰਨ' ਦੀ ਸੁਰ ਭਰੀ ਅਵਾਜ਼ ਮੁੱਖ ਤੋਂ ਨਿਕਲੀ। ਪ੍ਰੇਮ ਪਦਾਰਥ ਤੋਂ ਸੁੰਞੇ, ਗੁਰੂ ਸ਼ਰਧਾ ਤੋਂ ਵਿਰਵੇ ਖ਼ੁਸ਼ਕ ਫ਼ਿਲਾਸਫ਼ਰਾਂ ਨੂੰ ਪ੍ਰੇਮ ਦੀ ਫ਼ਿਲਾਸਫ਼ੀ ਦਾ ਕੀ ਪਤਾ ? ਏਸ ਪ੍ਰੇਮ ਦੀ ਸਾਰ ਭਾਈ ਨੰਦ ਨਾਲ ਸਾਰਖੇ ਆਰਫ਼ ਹੀ ਜਾਣਨ, ਜਿਨ੍ਹਾਂ ਨੂੰ ਕਿ :—



www.AKJ.Org

ਮਾ ਨਮੇ ਆਰੇਮ ਤਾਬੇ, ਗਮਜ਼ਾ-ਏ ਮਿਯਗਾਨਿ ਊ ॥
ਯਕ ਨਿਗਾਹਿ ਜਾਂ ਫ਼ਿਜ਼ਾਇਸ਼, ਬਸ ਬਵੱਦ ਦਰਕਾਰਿ ਮਾ ॥ [ਗ਼ਜ਼ਲ ਨੰਬਰ ੨

ਦੇ ਜ਼ਿੰਦਾ ਬਚਨ ਅਨੁਸਾਰ ਸ੍ਰੀ ਦਸਮੇਸ਼ ਜੀ ਦੀ ਇੱਕ ਨਿਗਾਹੇ-ਮੁਬਾਰਕ ਦਾ ਇੱਕ ਬਾਣ ਹੀ ਜਾਨ ਪਾਉਣ ਵਾਲਾ ਪ੍ਰਤੀਤ ਹੁੰਦਾ ਹੈ। ਨਜ਼ਰੇ ਮੁਕੱਦਸ ਦੇ ਪਾਰਸ ਪ੍ਰੇਮ-ਤੀਰ ਵਿਚ ਇੱਕ ਅਬਦੀ ਜ਼ੀਸਤ (ਸਦੈਵੀ ਜੀਵਨ) ਦੇਣ ਵਾਲੀ ਜ਼ਿੰਦਾ ਕਰਾਮਾਤ ਅਤੇ ਪਾਕ ਤਾਸੀਰ ਕੇਵਲ ਉਨ੍ਹਾਂ ਨਦਰੀ ਨਦਰ ਨਿਹਾਲ ਹੋ ਕੇ ਨਦਰਿਸ਼ਟ ਜਨਾਂ ਨੂੰ ਹੀ ਮਨ ਬਚ ਕ੍ਰਮ ਕਰਕੇ ਪ੍ਰਤੀਤ ਹੋਈ ਹੈ, ਜਿਨ੍ਹਾਂ ਉੱਤੇ ਕਿ ਭੂਤ ਭਵਾਨ ਵਿਖੇ ਇਹ ਨਦਰ ਸੱਚ ਮੁੱਚ ਅਤੇ ਪਰਤੱਖ ਵਾਪਰੇ ਤਜਰਬੇ ਵਿਚ ਹੋਈ ਹੈ। ਉਹ ਪਾਰਸ-ਕਲਾ ਵਾਲੇ ਸੱਚੇ ਕੀਮੀਆਗਰ ਪਾਤਸ਼ਾਹ ਦੇ ਕਰ-ਕੰਵਲਾਂ ਨਾਲ ਸਪੱਰਸ਼ੇ ਗਏ। ਸਰਬਲੋਹੀ ਬਾਣ ਭੀ ਅਣਿਆਲੇ ਨੂਰ ਤੇਜਸ੍ਵੀ ਪ੍ਰੇਮ-ਬਾਣ ਹੋ ਗਏ। ਤਿਨ੍ਹਾਂ ਦੀ ਪੀੜਾ ਕਿਸ ਨੂੰ ? ਤਿਨ੍ਹਾਂ ਨੇ ਕਿਸੇ ਨੂੰ ਕੀ ਘਾਇਲ ਕਰਨਾ ਤੇ ਕੀ ਮਾਰ ਮੁਕਾਉਣਾ ? ਤਿਨ੍ਹਾਂ ਨੂੰ ਤਾਂ ਜ਼ੀਸਤ ਅਬਦੀ (ਸਦੈਵੀ ਜੀਵਨੀ) ਹਾਸਲ ਹੋ ਗਈ। ਹਾਂ ਜੀ ! ਸ੍ਰੀ ਦਸਮੇਸ਼ ਸਾਹਿਬ ਸੱਚੇ ਪਾਤਸ਼ਾਹ ਸੱਚ ਮੁੱਚ ਜੀਅ ਦਾਨ ਦੇਣ ਆਏ, ਮੋਇਆਂ ਨੂੰ ਅੰਮਰ ਕਰਾਉਣ ਆਏ।

ਰੱਬੀ ਗੁਰੂ ਅਵਤਾਰਾਂ, ਰੱਬ-ਰਹਿਮਤੀ ਪਾਰਸ-ਕਲਾ ਦੀਆਂ ਰਮਜ਼ਾਂ ਨੂੰ ਫੋਕ ਫ਼ਲਸਫ਼ੀਏ ਰੀਫ਼ਾਰਮਰ ਕੀ ਜਾਣਨ ? ਤਿਨ੍ਹਾਂ ਦਾ ਸ੍ਰੀ ਦਸਮੇਸ਼ ਪਿਤਾ ਸੱਚੇ ਸਾਹਿਬ ਨੂੰ ਗੁਮਰਾਹ ਹੁੱਬਲ ਵਤਨ (Misguided Petriot) ਲਿਖ ਦੇਣਾ ਕਿੱਡੀ ਹੋਛੀ ਹਮਾਕਤ ਹੈ; ਪਰ ਓਹ ਬੱਪੜੇ ਮਤਸਰੀ ਕੀ ਕਰਨ ! ਓਹਨਾਂ ਦੀ ਅਲਪੱਗ ਬੁੱਧ ਹੀ ਏਤਨੀ ਹੈ। ਸਰਬੱਗ ਪੁਰਸ਼ਾਂ ਦੀ ਸਾਰ ਜੇ ਅਲਪੱਗ ਰੀਫ਼ਾਰਮਰ ਜਾਣ ਸਕਣ ਤਾਂ ਸਰਬੱਗਤਾ ਦੀ ਕਦਰ ਸਸਤ-ਮੁੱਲੀ ਨਾ ਹੋ ਜਾਏ ? ਸ੍ਰੀ ਦਸਮੇਸ਼ ਜੀ ਦਾ ਆਦਰਸ਼ ਬੜਾ ਉੱਚਾ ਹੈ। ਇਸ ਉੱਚ ਔਜ ਨੂੰ ਨੀਵੀਂ ਅਕਲ ਵਾਲੇ ਅਲਪੱਗ ਜੀਵ ਕੀ ਪਛਾਨਣ ? ਗੁਰਸਿੱਖਾਂ ਨੂੰ ਅਜਿਹਾ ਉੱਚਾ ਸੁੱਚਾ ਆਦਰਸ਼ ਛੱਡ ਕੇ ਆਨ ਅਲਪੱਗ ਰੀਫ਼ਾਰਮਰਾਂ ਦੇ ਤੁਛ ਆਦਰਸ਼ ਉੱਤੇ ਚੱਲਣਾ ਅਧੋਗਤੀ ਦੀ ਨਿਸ਼ਾਨੀ ਹੈ।

ਸ੍ਰੀ ਦਸਮੇਸ਼ ਜੀ ਦਾ ਆਦਰਸ਼ ਕੋਈ ਗੁੱਝਾ ਛਿਪ੍ਹਾ ਨਹੀਂ ਹੈ। ਆਪਣੇ ਸ੍ਰੀ ਮੁਖਵਾਕ ਦੁਆਰਾ ਹੀ ਸ੍ਰੀ ਦਸਮੇਸ਼ ਜੀ ਸਾਹਿਬ ਨੇ ਆਪਣਾ ਆਦਰਸ਼ ਇਸ ਬਿਧਿ ਵਰਨਣ ਕੀਤਾ ਹੈ :—

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥ਬਚਿਤ੍ਰ ਨਾਟਕ, ਅਧਿਆਇ ੬

ਸ੍ਰੀ ਦਸਮੇਸ਼ ਜੀ ਦਾ ਧਰਮ ਅਤੇ ਧਰਮੀਆਂ ਦੀ ਰੱਖਿਆ ਕਰਨਾ ਅਤੇ ਪਾਪ ਤੇ ਪਾਪੀਆਂ ਨੂੰ ਮਾਰਿ ਬਿਦਾਰਨਾ ਕੇਵਲ ਇੱਕੋ ਮੁੱਖ-ਮੰਤਵੀ-ਆਦਰਸ਼ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ" ਦੀ ਵਿਆਖਿਆ ਹੈ। ਜੀਅ ਦਾਨ ਦੇ ਭਗਤੀ ਲਾਵਣਾ ਅਤੇ ਵਿਛੜੇ ਜਗਿਆਸੂਆਂ ਨੂੰ ਅਕਾਲ ਪੁਰਖ ਦਾ ਦਰਸ਼ਨ ਕਰਾਵਣਾ ਸਰਬ ਧਰਮਾਂ ਸਿਰ ਸ੍ਰੇਸ਼ਟ ਧਰਮ ਹੈ ਅਤੇ ਪਾਪ ਦਾ ਮਾਰ ਬਿਦਾਰਨਾ ਅਤੇ ਪਾਪੀਆਂ ਦਾ ਸੰਘਾਰਨਾ ਇੱਕੋ ਜਿਹਾ ਹੀ ਪੁੰਨ-ਧਰਮ ਹੈ। ਪੰਜਾਂ ਦੇ ਪੁੰਜ ਪਾਪਿਸ਼ਟ ਪ੍ਰਾਣੀਆਂ ਨੂੰ ਸੋਧਣਾ ਸਾਧਣਾ ਐਸਾ ਹੀ ਪ੍ਰਵਾਣੀਕ ਹੈ ਜੈਸਾ ਕਿ ਪੰਜ ਦੋਖਾਂ ਦਾ ਦਮਨ ਕਰਨਾ। ਅੰਦਰਲੇ ਪੰਜੇ ਮਹਾਂ ਬਲੀ ਦੂਤਾ ਨੂੰ ਬੱਧ ਕਰਨਾ ਐਸਾ ਹੀ ਪੁੰਨ-ਪੁੰਜ ਹੈ, ਜੈਸਾ ਕਿ ਪੰਜਾਂ ਦੇ ਪੁੰਜ ਮੁਜੱਸਮ ਪੰਜਾਂ ਦੁਸ਼ਟਾਂ ਦਾ ਸੰਘਾਰਨਾ ਹੈ। ਪੰਜ ਵਿਕਾਰਾਂ ਦੇ ਮਾਰ ਬਿਦਾਰਨ ਦਾ ਸੱਚਾ ਢੋਆ ਨਾਮ ਦਾ ਖੰਡਾ ਹੈ ਅਤੇ ਪੰਜਾਂ ਦੇ ਪੁੰਜ ਹਤਿਆਰਿਆਂ ਦੇ ਸੋਧਣ ਦਾ ਸਾਧਨ ਭੀ ਪ੍ਰੇਮ ਦਾ ਖੜਗ ਹੈ, ਜੋ ਸਮੇਂ ਸਮੇਂ ਦੀ ਲੋੜ ਅਨੁਸਾਰ ਗੁਰੂ-ਜੋਤਿ-ਜਾਮਿਆਂ ਨੇ ਵਰਤ ਦਿਖਾਇਆ, ਪਰ ਆਦਰਸ਼ ਵਿਚ ਕੋਈ ਫ਼ਰਕ ਨਹੀਂ ਆਇਆ। ਕਿਉਂਕਿ ਦਸੇ ਗੁਰੂ ਸਾਹਿਬਾਨ ਦੀ ਅਸਲੀਅਤ ਇਹ ਹੈ :—

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ...॥੨॥
ਸਤੇ ਬਲਵੰਡ ਦੀ ਵਾਰ, ਪੰਨਾ ੯੬੬

'ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ]

www.AKJ.Org

# ਗੁਰੂ ਨਾਨਕ-ਜੋਤਿ ਦਸਮੇਸ਼ ਜੀ

[ਡਾਕਟਰ ਤਾਰਨ ਸਿੰਘ ਜੀ]

ਗੋਬਿੰਦ-ਜੋਤਿ ਗੁਰੂ ਗੋਬਿੰਦ ਸਿੰਘ ਮਹਾਨ ਤਪੱਸਵੀ ਕਰਮ-ਯੋਗੀ ਹੋਇਆ ਹੈ, ਪਰ ਨਿਸ਼ਕਾਮ ਕਰਮ-ਯੋਗੀ, ਜਿਵੇਂ ਗੀਤਾ ਦਾ ਫ਼ਲਸਫ਼ਾ ਹੈ। ਇਸ ਕਰਮ-ਯੋਗੀ ਨੇ ਹਰ ਕਰਤੱਵ, ਜੰਗ-ਜੁਧ ਇਸ ਲਈ ਕੀਤਾ ਹੈ ਕਿ ਇਹ ਵੀ ਪ੍ਰਭੂ-ਪੂਜਾ ਦਾ ਰੂਪ ਹੈ। ਸੇਵਾ ਹੀ ਪ੍ਰਭੂ-ਪੂਜਾ ਹੈ। ਇਹ ਸਭ ਕੁਝ ਪ੍ਰਭੂ ਦਾ ਹੁਕਮ ਮੰਨ ਕੇ 'ਕੀਟ', 'ਦਾਸ' ਤੇ 'ਸੇਵਕ' ਹੋ ਕੇ ਨਿਭਾਇਆ ਹੈ। ਆਪਣੀਆਂ ਜਿੱਤਾਂ ਨੂੰ 'ਕ੍ਰਿਪਾ ਕਾਲ ਤੇਰੀ' ਕਹਿਆ ਹੈ । ਅਨਿਆਂ ਵਿਰੁਧ ਲੜਦਿਆਂ ਸਦਾ ਪ੍ਰਭੂ-ਸ਼ਕਤੀ ਪਾਸ ਅਰਦਾਸ ਕੀਤੀ ਹੈ ਕਿ ਸਹਾਇਤਾ ਕਰੋ—"ਹਮਰੀ ਕਰੋ ਹਾਥ ਦੈ ਰੱਛਾ।"

ਗੁਰੂ ਗੋਬਿੰਦ ਸਿੰਘ ਜੀ ਨੇ ਕੌਮ-ਪ੍ਰਸਤੀ, ਨਿਰਭੈਤਾ, ਨਿਰਵੈਰਤਾ ਤੇ ਸਚਾਈ ਲਈ ਅਤੇ ਦੈਂਤ-ਬਿਰਤੀ ਤੇ 'ਅਧਰਮ ਵਿਰੁਧ ਜੰਗ' ਦੇ ਨਾਹਰੇ ਦਿਤੇ। ਪਰ ਆਪ ਨੇ ਕੌਮ ਨੂੰ ਕਰਮ-ਯੋਗੀ ਹੋਣ ਤੋਂ ਪਹਿਲਾਂ ਭਗਤੀ-ਯੋਗ ਪਰਦਾਨ ਕੀਤਾ। ਕਿਉਂਕਿ ਜਿਥੇ ਭਗਤੀ ਤੇ ਪ੍ਰੇਮ ਦੀ ਸਮਾਧੀ ਨਹੀਂ ਹੈ, ਉਹ ਕੌਮ ਕਦੇ ਜੀਅ ਹੀ ਨਹੀਂ ਸਕਦੀ। ਗੁਰੂ ਨਾਨਕ-ਗੋਬਿੰਦ ਜੋਤਿ ਨੇ ਸਾਰੇ ਜਾਮਿਆਂ ਵਿਚ ਭਗਤੀ ਦਾ ਦਰਜਾ ਪਹਿਲਾਂ ਰਖਿਆ ਅਤੇ ਕਰਮ-ਸ਼ਕਤੀ ਦਾ ਦੂਜਾ।

ਸੋ ਦਸਮੇਸ਼ ਜੀ ਨਿਰੇ ਰਾਜਾ, ਜੋਧਾ, ਸੁਧਾਰਕ, ਸਿਪਾਹੀ ਨਹੀਂ ਸਨ, ਸਗੋਂ ਉਹ ਤਾਂ ਸ਼ਕਤੀ ਦੀ ਵਰਤੋਂ ਕਰਦੇ ਹੋਏ ਵੀ ਭਗਤੀ ਨੂੰ ਮੁਖ ਰਖਦੇ ਰਹੇ। ਸਿਖ ਧਰਮ ਸ਼ਕਤੀਸ਼ਾਲੀ ਧਰਮ ਹੈ, ਕਰਮ-ਯੋਗ ਦਾ ਧਰਮ ਹੈ, ਕੌਮੀਅਤ-ਪ੍ਰਸਤੀ, ਦੇਸ਼-ਸੇਵਾ, ਲੋਕ-ਸੇਵਾ ਦਾ ਧਰਮ ਹੈ; ਪਰ ਹੈ ਇਸੇ ਲਈ ਕਿ ਉਹਦਾ ਬੁਨਿਆਦੀ ਸਿਧਾਂਤ ਪ੍ਰਭੂ-ਭਗਤੀ, ਆਤਮਿਕ ਸਮਾਧੀ ਤੇ ਪ੍ਰੇਮ ਦਾ ਹੈ। ਕੌਮਾਂ ਭਗਤੀ ਤੇ ਆਤਮਕ-ਵਿਸ਼ਵਾਸ ਨਾਲ ਜੀਂਦੀਆਂ ਹਨ, ਨਿਰੇ ਫ਼ੌਜੀ ਬਲ ਤੇ ਪਦਾਰਥਕ ਸ਼ਕਤੀ ਦੇ ਆਸ਼ਰੇ ਨਹੀਂ।

( ੨ )

ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਨਾਨਕ-ਜੋਤਿ' ਦੇ ਦਸਵੇਂ ਪ੍ਰਕਾਸ਼ ਸਨ। ਮੂਲ ਰੂਪ ਵਿਚ ਇਹ ਜੋਤਿ ਆਦਿ ਕਾਲ ਤੋਂ ਭਾਰਤ ਦੀ 'ਗੁਰ-ਜੋਤਿ' ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਗੰਗਾ-ਤਟ 'ਤੇ ਸ੍ਰੀ ਪਟਨਾ ਸਾਹਿਬ ਵਿਖੇ ਹੋਇਆ। ਆਪ ਨੇ ਸਾਹਿਤਕ ਲੀਲ੍ਹਾ ਜਮਨਾ-ਤਟ 'ਤੇ ਕੀਤੀ ਅਤੇ ਆਪ ਦੀ ਜੋਤੀ ਗੋਦਾਵਰੀ ਤਟ 'ਤੇ ਨਦੇੜ ਵਿਖੇ ਸ੍ਰੀ ਅਕਾਲ ਪੁਰਖ-ਜੋਤਿ ਵਿਚ ਜਾ ਸਮਾਈ। ਇਹ ਤਿੰਨੇ ਨਦੀਆਂ ਭਾਰਤੀ ਗੁਰੂ-ਜੋਤਿ ਦਾ ਚਿੰਨ੍ਹ ਹਨ। ਤਪੱਸਵੀ ਦਸਮੇਸ਼ ਆਤਮਾ ਨੇ ਪਾਂਡਵਾਂ ਦੇ ਤਪੋ-ਧਾਮ (ਹੇਮ ਕੁੰਟ) ਤੇ ਤਪੱਸਿਆ ਸਾਧੀ ਸੀ। ਸੋ 'ਨਾਨਕ-ਗੋਬਿੰਦ-ਜੋਤਿ' ਭਾਰਤ ਦੀ ਮਹਾਨ 'ਗੁਰ-ਜੋਤਿ' ਹੈ, ਜੋ ਸਮੇਂ ਸਮੇਂ ਭਾਰਤ ਦੇ ਕਲਿਆਨ ਵਾਸਤੇ ਪ੍ਰਗਟ ਹੁੰਦੀ ਰਹੀ ਹੈ।

'ਗੁਰੂ ਨਾਨਕ ਜੋਤਿ' ਨੇ ਸਿਖ ਲਹਿਰ ਦਾ ਅੰਰੰਭ ੧੪੯੯ ਸੰਨ ਵਿਚ ਪੰਜਾਬ ਦੀ ਧਰਤੀ, ਸੁਲਤਾਨਪੁਰ ਤੋਂ ਕੀਤਾ। ਇਹ ਲਹਿਰ ਸੰਨ ੧੬੯੯ ਵਿਚ ਸਿਖਰ ਤੇ ਪੁਜੀ, ਜਦੋਂ ਨਾਨਕ-ਜੋਤਿ ਦੇ ਦਸਵੇਂ ਪ੍ਰਕਾਸ਼ ਨੇ, ਸ੍ਰੀ ਗੁਰੂ ਗੋਬਿੰਦ ਸਿੰਘ ਦੇ ਰੂਪ ਵਿਚ ਗਿਰੀ ਹੋਈ ਭਾਰਤੀ ਜਨਤਾ ਨੂੰ ਖੰਡੇ ਦਾ ਪਾਹੁਲ ਛਕਾ ਕੇ, ਉਸ ਨੂੰ ਅਸਲੀ ਮਾਨਵਤਾ ਦਾ ਰਾਹ ਦਸਿਆ। ਉਨ੍ਹਾਂ ਦਾ ਉਦੇਸ਼ 'ਭਗਤੀ ਅਤੇ ਸ਼ਕਤੀ', 'ਰਾਜ ਤੇ ਜੋਗ', 'ਸੰਤ ਤੇ ਸਿਪਾਹੀ' ਦਾ ਵਚਿਤ੍ਰ ਸੁਮੇਲ ਸੀ।

ਸਿਖ ਲਹਿਰ ਦੇ ਸੰਚਾਲਕ ਗੁਰੂ ਨਾਨਕ ਦੇਵ ਜੀ ਨੇ ਭਗਤੀ ਦਾ ਉਦੇਸ਼ ਦਿਤਾ, ਪਰ ਭਗਤੀ ਦਾ ਫਲ-ਸਰੂਪ ਇਹ ਮੰਨਿਆ ਕਿ ਇਹ ਮਨੁਖ ਨੂੰ ਸਵੈ-ਮਾਣ ਅਤੇ ਸਵੈ-ਸਤਿਕਾਰ ਦਾ ਜੀਵਨ ਵੀ ਦੇਵੇ, ਅਤੇ ਧਰਮ ਦੇ ਖੇਤਰ ਵਿਚ ਵੀ ਉਚ ਚੋਟੀ ਤੇ ਪੁਚਾ ਦੇਵੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਅਨੁਭਵ ਕੀਤਾ ਸੀ ਕਿ ਭਾਰਤੀ ਜੀਵਨ ਵਿਚੋਂ ਸਵੈ-ਮਾਣ ਅਤੇ ਸਵੈ-ਸਤਿਕਾਰ ਦਾ ਅਭਾਵ ਹੋ ਚੁਕਾ ਸੀ। ਹਰ ਪਾਸੇ ਬੇਪਤੀ ਸੀ, ਨਾ ਹੀ ਭਾਰਤੀਆਂ ਪਾਸ ਭਗਤੀ ਸੀ ਤੇ ਨਾ ਹੀ ਸ਼ਕਤੀ। ਮਾਣ-ਸਤਿਕਾਰ-ਹੀਣ ਜੀਵਨ ਦੇ ਚਿੰਨ੍ਹ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਇਂਜ ਦਸੇ ਹਨ :—



www.AKJ.Org

੧. ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥੩॥੬॥੮॥ [ਧਨਾਸਰੀ ਮ: ੧, ਪੰਨਾ ੬੬੩

੨. ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥੧॥੧੬॥ [ਵਾਰ ਆਸਾ ਮ: ੧, ਪੰਨਾ ੪੭੧

੩. ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥੨॥੧੬॥ [ਵਾਰ ਆਸਾ ਮ: ੧, ਪੰਨਾ ੪੭੨

੪. ਅਭਾਖਿਆ ਕਾ ਕੁਠਾ ਬਕਰਾ ਖਾਣਾ ॥੨॥੧੬॥ [ਵਾਰ ਆਸਾ ਮ: ੧, ਪੰਨਾ ੪੭੨

੫. ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥੧॥੧੬॥ [ਵਾਰ ਆਸਾ ਮ: ੧, ਪੰਨਾ ੪੭੧

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਜੀਵਨ ਦਾ ਦਰਪਣ ਇਹ ਦਰਸਾਇਆ ਹੈ ਕਿ ਖਤਰੀ ਦੇਸ਼-ਧਰਮ ਦੀ ਰੱਖਿਆ ਨਹੀਂ ਸਨ ਕਰ ਰਹੇ; ਲੋਕਾਂ ਵਿਚ ਆਪਣੇ ਧਰਮ ਦਾ ਮਾਣ ਅਤੇ ਸੁਤੰਤਰ ਪੂਜਾ ਦਾ ਸਾਹਸ ਨਹੀਂ ਸੀ; ਮੁਸਲਮਾਨ ਹਾਕਮਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਨੇ ਤੁਰਕੀ ਪਹਿਰਾਵਾ ਪਾ ਲਿਆ ਸੀ; ਮੁਸਲਮਾਨੀ ਢੰਗ ਦਾ ਕੁੱਠਾ ਬਕਰਾ ਖਾਣ ਲਗ ਪਏ ਸਨ; ਮੁਸਲਮਾਨੀ ਗ਼ੁਲਾਮੀ ਪਰਵਾਨ ਕਰ ਚੁਕੇ ਸਨ; ਜਨਤਾ ਨੂੰ ਆਪਣੇ ਹੱਕਾਂ ਦਾ ਕੋਈ ਅਹਿਸਾਸ ਨਹੀਂ ਸੀ ਅਤੇ ਮੁਰਦਿਆਂ ਦੀ ਤਰ੍ਹਾਂ ਉਹ ਜਾਬਰ ਹਾਕਮਾਂ ਦੇ ਅਯੋਗ ਹੁਕਮ ਮੰਨਦੇ ਸਨ। ਇਹ ਨਿਰਾਦਰੀ ਵਾਲਾ ਜੀਵਨ ਸੀ।

ਨਾਨਕ ਜੋਤਿ ਨੇ ਨਿਸਚੇ ਹੀ ਨਾਮ-ਭਗਤੀ ਦ੍ਰਿੜ੍ਹ ਕਰਾਈ। ਪਰ ਉਹ ਨਾਮ-ਭਗਤੀ, ਜੋ ਮਨੁਖ ਨੂੰ ਗੈਰਤ, ਸਤਿਕਾਰ ਦਾ ਜੀਵਨ ਵੀ ਦੇਵੇ, ਅਤੇ ਮੁਕਤੀ ਵੀ ਦੇਵੇ। ਨਾਨਕ-ਜੋਤ ਨੇ ਮੁਖ ਉਦੇਸ਼, ਭਗਤੀ ਦੇ ਨਾਲ ਇਹ ਰਖੇ:—

੧. ਭਾਰਤੀ ਸਦਾਚਾਰ, ਸਭਿਆਚਾਰ ਅਤੇ ਸੁਤੰਤਰਤਾ ਨੂੰ ਬਹਾਲ ਕਰਨਾ।

੨. ਭਾਰਤੀ ਧਰਮ ਅਤੇ ਧਰਮ-ਗ੍ਰੰਥਾਂ ਦਾ ਸਤਿਕਾਰ ਬਹਾਲ ਕਰਨਾ।

੩. ਭਾਰਤੀ ਜਨਤਾ ਨੂੰ ਗ਼ੈਰਤ, ਸਤਿਕਾਰ, ਮਾਣ ਦਾ ਜੀਵਨ ਬਖ਼ਸ਼ਣਾ।

੪. ਭਾਰਤ ਵਿਚੋਂ ਅਧਰਮ, ਜਬਰ, ਅਨਿਆਂ ਨੂੰ ਖ਼ਤਮ ਕਰਨਾ।

੫. ਭਾਰਤੀਆਂ ਵਿਚ ਹਰ ਪਰਕਾਰ ਦੇ ਭਾਰਤੀ ਵਿਰਸੇ ਦਾ ਗੌਰਵ ਪੈਦਾ ਕਰਨਾ।

ਨਾਨਕ-ਜੋਤਿ ਨੇ ਸਾਰੇ ਗੁਰੂ-ਰੂਪਾਂ ਵਿਚ ਇਹੋ ਉਦੇਸ਼ ਸਾਹਮਣੇ ਰਖੇ ਹਨ। ਆਪ ਨੇ ਕਿਸੇ ਨੂੰ ਸਿਖ ਲਹਿਰ ਵਿਚ ਸ਼ਾਮਲ ਹੋਣ ਲਈ ਲਾਲਚ ਨਹੀਂ ਦਿਤਾ, ਨਾ ਹੀ ਸੱਦਾ ਦਿਤਾ ਹੈ; ਸਗੋਂ ਲਲਕਾਰਿਆ ਹੈ ਕਿ ਸਿਖ ਦਾ ਜੀਵਨ ਕੁਰਬਾਨੀ, ਸੇਵਾ ਦਾ ਹੋਵੇਗਾ ਅਤੇ ਇਹ ਕੁਰਬਾਨੀ ਭਾਰਤੀ ਸਮਾਜ ਦੇ ਪੁਨਰ-ਨਿਰਮਾਣ ਲਈ ਹੈ। ਪ੍ਰੇਮ-ਮਾਰਗ ਜਾਂ ਨਾਮ-ਮਾਰਗ ਤਾਂ ਸਿਰ ਤਲੀ ਤੇ ਰਖਣਾ ਹੈ, ਨਿਰਾਲੀ ਚਾਲ ਧਾਰਨ ਕਰਨਾ ਹੈ, ਮਰਨ ਕਬੂਲਣਾ ਹੈ, ਨਿਰਭੈ ਹੋ ਕੇ ਵਿਚਰਨਾ ਹੈ। ਨਾਮ ਜੇ ਨਿਰਭੈਤਾ ਨਹੀਂ ਪੈਦਾ ਕਰਦਾ ਤਾਂ ਇਹ 'ਨਾਮ' ਹੀ ਨਹੀਂ ਹੈ। ਸਿਖ ਦਾ ਜੀਵਨ ਹੈ :—

੧. ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥

[ਸਲੋਕ ਮ: ੧, ਪੰਨਾ ੧੪੧੨

[ਇਹ ਗੱਲ ਖਾਸ ਧਿਆਨ ਦੇਣ ਵਾਲੀ ਹੈ ਕਿ ਇਹ ਸਲੋਕ ਗੁਰੂ ਨਾਨਕ ਦੇਵ ਜੀ ਦਾ ਹੈ, ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤੇ ਚਲ ਕੇ ਵਿਖਾਇਆ। ਇਸ ਵਾਸਤੇ ਉਹ ਲੋਕ ਜੋ ਬੇਸਮਝੀ ਨਾਲ ਇਹ ਗੱਲ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੀ ਪਾਲਿਸੀ ਛਡ ਦਿਤੀ, ਉਹ ਕਿਤਨੀ ਭੁਲ ਵਿਚ ਹਨ।]

੨. ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ, ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ, ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ, ਏਤੁ ਮਾਰਗਿ ਜਾਣਾ ॥੧੪॥ [ਅਨੰਦੁ ਮ: ੩, ਪੰਨਾ ੯੧੮

੩. ਪਹਿਲਾਂ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ॥



www.AKJ.Org

ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ ॥੧॥੨੩॥ [ਵਾਰ ਮਾਰੂ ਮ: ੧, ਪੰਨਾ ੧੧੦੨

੪. ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ॥੧੬॥ [ਸਲੋਕ ਮ: ੯, ਪੰਨਾ ੧੪੨੭

੫. ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ,ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੌਂ ਅਪਨੇ ਹੀ ਮਨ ਕੌ,ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥
[ਚੰਡੀ ਚਰਿਤ੍ਰ ਉਕਤਿ ਬਿਲਾਸ

ਕਬੀਰ ਜੀ ਨੇ ਵੀ ਇਹ ਉਦੇਸ਼ ਦ੍ਰਿੜ੍ਹ ਕਰਾਏ ਹੋਏ ਹਨ :–

੧. ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਓ ॥ ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤੁ ॥ ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥
੨॥੨॥ [ਮਾਰੂ ਕਬੀਰ ਜੀ, ਪੰਨਾ ੧੧੦੫

੨. ਸੰਤਾ ਮਾਨਉ ਦੂਤਾ ਡਾਨਉ, ਇਹ ਕੁਟਵਾਰੀ ਮੇਰੀ ॥੧॥(੫॥੪) [ਰਾਮਕਲੀ ਕਬੀਰ ਜੀ, ਪੰਨਾ ੯੬੯

ਸਮਾਂ ਆ ਗਿਆ ਹੈ। ਨਗਾਰੇ ਤੇ ਚੋਟ ਲਗ ਗਈ ਹੈ। ਜੋ ਦੀਨਾਂ ਦੀ ਰੱਖਿਆ ਲਈ ਨਿਤਰੇ, ਧਰਮ-ਜੁਧ ਕਰੇ, ਉਹ ਹੀ ਸੂਰਮਾ ਹੈ। ਮੇਰੀ ਕੋਤਵਾਲੀ ਇਹੋ ਹੈ ਕਿ ਦੈਂਤਾਂ ਨੂੰ ਦੰਡ ਦੇਵਾਂ ਅਤੇ ਸੰਤਾਂ ਦੀ ਰੱਖਿਆ ਕਰਾਂ।

ਸਿਖ ਗੁਰੂ ਸਾਹਿਬਾਨ ਦੇ ਨੇਤ੍ਰਿਵ ਥਲੇ ਭਾਰਤੀ ਜਨਤਾ ਦਾ ਨਵ-ਨਿਰਮਾਣ ਹੋਇਆ। ਨਾਮ-ਭਗਤੀ ਦੁਆਰਾ ਜਨਤਾ ਵਿਚ ਸਦਾਚਾਰ ਉਸਰਿਆ, ਗੈਰਤ ਚਮਕੀ ਅਤੇ ਉਨ੍ਹਾਂ ਨੂੰ ਆਪਣੇ ਜੀਵਨ ਤੇ ਦੇਸ਼ ਦੀ ਸੋਝੀ ਹੋਈ। ਅੰਤ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਲੋਕਾਂ ਦੇ ਕਰਤੱਵ ਤੇ ਤਸੱਲੀ ਪਰਗਟ ਕਰਦਿਆਂ ਕਹਿਆ–

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਓਘ ਟਰੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੀ ਕ੍ਰਿਪਾ ਫੁਨਿ ਧਾਮ ਭਰੇ ॥
ਇਨ ਹੀ ਕੇ ਪ੍ਰਸਾਦਿ ਸੁਬਿਦਿਆ ਲਈ, ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕਰੋਰ ਪਰੇ ॥੨॥
[ਸਵੈਯਾ ਪਾ: ੧੦, ਗਿਆਨ ਪ੍ਰਬੋਧ ਅਖ਼ੀਰ

( ੩ )

ਗੁਰੂ ਗੋਬਿੰਦ ਸਿੰਘ ਜੀ ਨਾਨਕ-ਜੋਤਿ ਦੀ ਅੰਤਮ, ਪਰ ਬੜੀ ਮਹਾਨ ਅਤੇ ਵਚਿਤਰ ਕੜੀ ਸਨ। ਇਹ ਗੱਲ ਆਪ ਨੇ ਆਪਣੀ ਜੀਵਨੀ 'ਬਚਿਤ੍ਰ ਨਾਟਕ' ਵਿਚ ਭਲੀ ਭਾਂਤ ਸਪੱਸ਼ਟ ਕੀਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚ ਸਥਿਰ ਹੋਈ ਅਤੇ ਫਿਰ ਗੁਰੂ ਅਮਰ ਦਾਸ, ਗੁਰੂ ਰਾਮ ਦਾਸ ਤੋਂ ਗੁਰੂ ਤੇਗ ਬਹਾਦਰ ਜੀ ਤੀਕ ਚਲਦੀ ਗਈ। ਪਰ ਇਸ ਭੇਦ ਨੂੰ ਸਾਧਨਾ ਵਾਲੇ ਲੋਕਾਂ ਨੇ ਸਮਝਿਆ, ਅਗਿਆਨੀਆਂ ਨੂੰ ਇਸ ਦਾ ਪਤਾ ਨਹੀਂ ਲਗਾ।

ਨਿਸਚੇ ਹੀ ਆਪ ਨੇ ਉਨ੍ਹਾਂ ਹੀ ਉਦੇਸ਼ਾਂ ਦੀ ਪੂਰਤੀ ਲਈ ਯਤਨ ਕੀਤਾ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਚਾਰੇ ਸਨ। ਆਪ ਨੇ 'ਬਚਿਤ੍ਰ ਨਾਟਕ' ਵਿਚ ਇਸ ਗੱਲ ਤੇ ਬਲ ਦਿਤਾ ਹੈ ਕਿ ਆਪ ਅਕਾਲ ਪੁਰਖ ਤੋਂ ਜੀਵ-ਕਲਿਆਨ ਲਈ ਹੁਕਮ (ਆਇਸ) ਲੈ ਕ ਆਏ ਸਨ–

ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥ ਤਬ ਹਮ ਜਨਮ ਕਲੂ ਮਹਿ ਲੀਆ ॥੪॥
ਬਚਿਤ੍ਰ ਨਾਟਕ, ਧਿਆਇ ੬

ਅਕਾਲ ਪੁਰਖ ਨੇ ਆਪ ਨੂੰ ਸੁਤ (ਪੁਤਰ) ਕਰਕੇ ਨਿਵਾਜਿਆ ਅਤੇ 'ਪੰਥ' ਚਲਾਵਨ ਵਾਸਤੇ ਭੇਜਿਆ।

ਮੈਂ ਆਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥੨੯॥ [ਬ. ਨ:–੬


www.AKJ.Org

ਦਸਮੇਸ਼ ਜੀ ਦਾ ਜਨਮ ਸੰਨ ੧੬੬੬ ਵਿਚ ਪਟਨਾ ਸ਼ਹਿਰ ਵਿਖੇ ਹੋਇਆ, ਜਦੋਂ ਗੁਰੂ ਤੇਗ ਬਹਾਦਰ ਸਾਹਿਬ ਪਰਚਾਰ ਹਿਤ ਫਿਰਦੇ ਫਿਰਾਂਦੇ ਪਟਨਾ ਪੁਜੇ। ਪਰਵਾਰ ਪਟਨਾ ਰਹਿਆ ਅਤੇ ਗੁਰੂ ਤੇਗ ਬਹਾਦਰ ਆਸਾਮ ਚਲੇ ਗਏ। ਗੁਰੂ ਤੇਗ ਬਹਾਦਰ ਸਾਹਿਬ ਆਸਾਮ ਸਨ ਜਦੋਂ ਦਸਮੇਸ਼ ਜੀ ਦਾ ਜਨਮ ਹੋਇਆ। ਆਪ ਨੇ 'ਬਚਿਤ੍ਰ ਨਾਟਕ' ਵਿਚ ਇਹ ਸੰਕੇਤ ਦਿਤਾ ਹੈ :-

ਮੁਰ ਪਿਤ ਪੂਰਬ ਕੀਯਸਿ ਪਯਾਨਾ ॥ ਭਾਂਤਿ ਭਾਂਤਿ ਕੇ ਤੀਰਥਿ ਨਾਨਾ ॥
ਜਬ ਹੀ ਜਾਤ ਤ੍ਰਿਬੇਣੀ ਭਏ ॥ ਪੁੰਨ ਦਾਨ ਦਿਨ ਕਰਤ ਬਿਤਏ ॥੧॥
ਤਹੀ ਪ੍ਰਕਾਸ ਹਮਾਰਾ ਭਯੋ ॥ ਪਟਨਾ ਸਹਰ ਬਿਖੈ ਭਵ ਲਯੋ ॥੨...॥ [ਬਚਿਤ੍ਰ ਨਾਟਕ-੭

ਪ੍ਰਕਾਸ਼ ਉਹ ਸਮਾਂ ਹੈ ਜਦੋਂ ਮਹਾਨ ਆਤਮਾ ਮਾਤ-ਗਰਭ ਵਿਚ ਅਸਥਿਤ ਹੁੰਦੀ ਹੈ, ਅਤੇ 'ਭਵ' ਉਸ ਦਾ ਜਨਮ ਧਾਰਦਾ ਹੈ।

ਆਤਮ-ਕਥਾ ਵਿਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਲੀ ਭਾਂਤ ਆਪਣੇ ਜੀਵਨ ਦਾ ਪ੍ਰਯੋਜਨ ਸਪਸ਼ਟ ਕੀਤਾ ਹੈ। ਆਪ ਨੂੰ ਅਕਾਲ ਪੁਰਖ ਨੇ ਧਰਮ ਦੀ ਰੱਖਿਆ ਲਈ ਭੇਜਿਆ ਸੀ-

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥ [ਬਚਿਤ੍ਰ ਨਾਟਕ-੬

ਧਰਮ ਚਲਾਣਾ ਹੈ, ਧਰਮ-ਵਿਰੋਧੀ ਦੁਸ਼ਟਾਂ ਨੂੰ ਮਾਰਨਾ ਹੈ, ਚੰਗਿਆਈ ਨੂੰ ਉਭਾਰਨਾ ਹੈ। ਕਰਮ ਧਰਮ ਤੇ ਬਲ ਦੇਣਾ ਹੈ, ਕੇਵਲ ਫਲਸਫ਼ਈ ਧਰਮ ਤੇ ਨਹੀਂ। ਅਤੇ (੧) ਫੋਕਟ ਧਰਮ, (੨) ਭਿੰਡ ਵਿੰਡ, (੩) ਭੇਖ, (੪) ਸਵਾਂਗ ਅਤੇ (੫) ਕਬੁਧਿ ਕਰਮ ਤੋਂ ਲੋਕਾਂ ਨੂੰ ਵਰਜਣਾ ਹੈ।

ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਵਿਆਖਿਆ ਇਹ ਕੀਤੀ ਹੈ-

(੧) ਧਰਮ ਤੇ ਜੀਵਨ-ਜਾਚ ਹੈ, ਕਿਸੇ ਵਿਅਕਤੀ ਦੀ ਪੂਜਾ ਨਹੀਂ ਹੈ। ਧਰਮ ਤੇ ਕਾਲ ਰਹਿਤ, ਸਥਾਨ ਰਹਿਤ ਅਸੂਲਾਂ ਦੀ ਪੂਜਾ ਹੈ। ਧਰਮ ਪ੍ਰਭੂ-ਹਜ਼ੂਰੀ ਵਿਚ ਜੀਣਾ ਹੈ।
(੨) ਧਰਮ, ਸੰਪਰਦਾਇਕਤਾ ਤੇ ਫ਼ਿਰਕੇ ਨਹੀਂ ਪੈਦਾ ਕਰਦਾ, ਧਰਮ ਤੇ ਸਾਰੇ ਸੰਸਾਰ ਲਈ ਸਾਂਝੇ ਅਸੂਲ ਹਨ।
(੩) ਦਸਮੇਸ਼ ਨੇ ਪ੍ਰਭੂ-ਧਰਮ ਸਮਝਾਇਆ, ਆਪਣਾ ਨਾਮ ਨਹੀਂ ਜਪਾਇਆ। ਮੇਰਾ ਕਿਸੇ ਧਰਮ ਨਾਲ ਵਿਰੋਧ ਨਹੀਂ, ਅਸੂਲ ਦੀ ਪਛਾਣ ਕਰਾਣੀ ਹੈ।
(੪) 'ਪਰਮ ਪੁਰਖ' ਨੂੰ ਪਹਿਚਾਨਣਾ ਹੀ ਪਰਮ ਧਰਮ ਹੈ। 'ਪਰਮ ਪਰਖ' ਪ੍ਰਕਾਸ਼ ਹੈ, 'ਜਾਗਤ ਜੋਤਿ' ਦਾ ਪ੍ਰਕਾਸ਼। 'ਧਰਮ' 'ਪ੍ਰਕਾਸ਼' ਵਿਚ ਜੀਣਾ ਹੈ। ਧਰਮ ਗਿਆਨ ਪ੍ਰਕਾਸ਼ ਵਿਚ ਜੀਣਾ ਹੈ, ਪ੍ਰਕਾਸ਼ ਵਾਲੇ ਨਿਯਮਾਂ ਅਤੇ ਅਸੂਲਾਂ ਅੰਦਰ ਜੀਣਾ ਹੈ।

(੪)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਸਾਰਕ ਜੀਵਨ ਪੰਜ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :-

੧. ਪਟਨਾ ਸਾਹਿਬ ਵਿਖੇ ਬਾਲਪਨ ਦਾ ਜੀਵਨ (੧੬੬੬-੧੬੭੨)।
੨. ਅਨੰਦਪੁਰ ਸਾਹਿਬ ਵਿਖੇ ਬਚਪਨ, ਵਿਦਿਆ-ਪ੍ਰਾਪਤੀ ਦਾ ਜੀਵਨ (੧੬੭੨-੧੬੭੫)
੩. ਗੁਰ-ਗੱਦੀ ਤੇ ਬਿਰਾਜਮਾਨ ਹੋ ਕੇ ਪਾਂਵਟਾ-ਵਾਸ, ਅਤੇ ਭੰਗਾਣੀ ਜੁਧ ਤੀਕ ਦਾ ਜੀਵਨ (੧੬੭੫-੧੬੮੭)।
੪. ਅਨੰਦਪੁਰ-ਵਾਸ, ਪੰਥ ਸਾਜਨਾ ਅਤੇ ਜੁੱਧ (੧੬੮੭-੧੭੦੪)।
੫. ਜੀਵਨ ਦੇ ਅੰਤਲੇ ਸਾਲ ਅਤੇ ਨਦੇੜ ਵਿਖੇ ਜੋਤੀ ਜੋਤਿ ਸਮਾਣਾ (੧੭੦੪-੧੭੦੮)।



www.AKJ.Org

# "ਤਹ ਹਮ ਅਧਿਕ ਤਪੱਸਿਆ ਸਾਧੀ"

[ਪ੍ਰੋ: ਹਰਨਾਮ ਸਿੰਘ ਜੀ, W-139, ਗਰੇਟਰ ਕੈਲਾਸ਼ I, ਨਵੀਂ ਦਿਲੀ]

ਦਸਮੇਸ਼ ਗੁਰਦੇਵ ਜੀ ਨੇ ਬਚਿੱਤਰ ਨਾਟਕ ਵਿਚ ਆਪਣੇ ਪੂਰਬਲੇ ਜਨਮ ਸੰਬੰਧੀ ਵਾਕਫ਼ੀ ਦਿੰਦਿਆਂ ਤੇ ਇਸ ਸੰਸਾਰ ਵਿਚ ਅਵਤਾਰ ਧਾਰਨ ਦੇ ਕਾਰਨਾਂ ਤੇ ਪ੍ਰਯੋਜਨ ਬਾਰੇ "ਅਬ ਮੈਂ ਅਪਨੀ ਕਥਾ ਬਖਾਨੋਂ" ਤੋਂ ਸ਼ੁਰੂ ਕਰ ਕੇ ਸਾਰਾ ਵੇਰਵਾ ਦਿਤਾ ਹੈ। ਹੇਮਕੁੰਟ ਪਰਬਤ ਤੇ ਆਪ ਨੇ ਜਿਸ ਥਾਂ ਤੇ ਸਪਤ ਸ੍ਰਿੰਗ ਸੁਸ਼ੋਭਿਤ ਹਨ, 'ਮਹਾ ਕਾਲ' ਪ੍ਰਭੂ ਸਿਮਰਨ ਵਿਚ ਬਿਤਾਏ। ਓਥੇ ਆਪ ਨੇ ਘੋਰ ਤਪੱਸਿਆ ਕੀਤੀ ਤੇ ਇਸ ਤਪ ਦੇ ਸਦਕੇ ਅਕਾਲ ਪੁਰਖ ਨੇ ਆਪ ਜੀ ਨੂੰ ਆਪਣਾ ਸੁਤ ਨਿਵਾਜ ਕੇ ਇਸ ਸੰਸਾਰ ਤੇ 'ਪੰਥ ਪ੍ਰਚੁਰ' ਕਰਨ ਲਈ ਤੇ 'ਕੁਬੁਧਿ ਕਰਨ ਤੇ' ਲੋਕਾਂ ਨੂੰ ਹਟਾਣ ਲਈ ਵਡੀ ਜ਼ਿਮੇਵਾਰੀ ਸੌਂਪ ਕੇ ਭੇਜਿਆ।

ਵਾਹਿਗੁਰੂ ਜੀ ਪਾਸੋਂ ਇਹ ਅਸੀਸ ਆਪ ਜੀ ਨੂੰ ਭਾਰੀ ਤਪ ਕਰਕੇ ਹੀ ਪ੍ਰਾਪਤ ਹੋਈ। ਆਪ ਨੇ ਇਹ ਤਪ ਕਰ ਕੇ ਅਜਿਹੀ ਅਵਸਥਾ ਪ੍ਰਾਪਤ ਕੀਤੀ, ਜਿਥੇ ਪਹੁੰਚ ਕੇ ਆਪ 'ਦ੍ਵੈ ਤੇ ਏਕ ਰੂਪ' ਹੋ ਗਏ। ਆਪ ਜੀ ਦੀ ਸੁਰਤ ਪ੍ਰਭੂ-ਚਰਨਾਂ ਵਿਚ ਅਜਿਹੀ ਖੁਭੀ ਕਿ ਉਸ ਰਸ ਤੇ ਸਵਾਦ ਨੂੰ ਛਡ ਕੇ ਆਪ ਜੀ ਦਾ ਮਨ ਸੰਸਾਰ ਤੇ ਆਉਣ ਲਈ ਤਿਆਰ ਹੀ ਨਹੀਂ ਸੀ, ਪਰ ਆਪ ਨੇ ਪ੍ਰਭੂ-ਆਗਿਆ ਅਗੇ ਸਿਰ ਝੁਕਾ ਕੇ, ਪ੍ਰਭੂ ਵਲੋਂ ਸੌਂਪੇ ਹੋਇ ਕਾਰਜ ਨੂੰ ਪੂਰਾ ਕਰਨ ਲਈ 'ਯਾਹੀ ਕਾਜ ਧਰਾ ਹਮ ਜਨਮੰ' ਅਵਤਾਰ ਧਾਰਨ ਕੀਤਾ। ਆਪ ਜੀ ਤਪ ਕਰਦਿਆਂ ਜਿਸ ਅਵਸਥਾ ਤੇ ਪਹੁੰਚੇ, ਲਗ ਪਗ ਹਰ ਤਪੱਸਵੀ ਓਸੇ ਅਵਸਥਾ ਤੇ ਪਹੁੰਚਦਾ ਹੈ। ਕਬੀਰ ਜੀ ਨੇ ਉਸ ਅਵਸਥਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :–

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥ ਰਾਮਕਲੀ ਕਬੀਰ ਜੀ–੯੬੯

ਤਪ ਕਰ ਕੇ ਤਪੱਸਵੀ ਨਿਰੰਕਾਰ ਨਾਲ ਅਭੇਦ ਹੋ ਜਾਂਦਾ ਹੈ :–

ਹਰਿ ਹਰਿ ਜਨ ਦੁਇ ਏਕ ਹੈ, ਬਿਬ ਬਿਚਾਰ ਕਛੁ ਨਾਹਿ ॥੬੦॥ ਬਚਿਤ੍ਰ ਨਾਟਕ, ਅਧਿ: ੬

ਭਗਤੀ, ਸਿਮਰਨ, ਬੰਦਗੀ, ਤਪੱਸਿਆ ਅਜਿਹੇ ਸਾਧਨ ਹਨ, ਜਿਨ੍ਹਾਂ ਰਾਹੀਂ ਮਨ ਅਤੇ ਸਰੀਰ ਤੇ ਪੂਰਾ ਨਿਯੰਤਰਣ ਕਰ ਕੇ, ਇੰਦਰੀਆਂ ਨੂੰ ਵਸ ਵਿਚ ਕਰ ਕੇ, ਸਾਰਾ ਧਿਆਨ ਇਕ ਵਾਹਿਗੁਰੂ ਵਿਚ ਕੇਂਦਰਿਤ ਕੀਤਾ ਜਾਂਦਾ ਹੈ ਤੇ ਇਸ ਤਰ੍ਹਾਂ ਨਾਮ ਅਭਿਆਸ ਤੇ ਨਾਮ ਦੀ ਕਮਾਈ ਕੀਤੀ ਜਾਂਦਾ ਹੈ।

ਤਪੱਸਵੀ ਇੰਜ ਕਰਦਾ ਹੋਇਆ ਅਕਾਲ ਪੁਰਖ ਨਾਲ ਅਭੇਦ ਹੋ ਜਾਂਦਾ ਹੈ, ਉਸਦਾ ਆਪਾ ਪਰਮ ਆਪੇ ਵਿਚ ਲੀਨ ਹੋ ਜਾਂਦਾ ਹੈ। ਇਸ ਅਵਸਥਾ ਤੇ ਪਹੁੰਚ ਕੇ ਉਹ ਵਾਹਿਗੁਰੂ ਜੀ ਪਾਸੋਂ ਅਸੀਸਾਂ ਤੇ ਬਰਕਤਾਂ ਲੈ ਕੇ ਉਸ ਵਲੋਂ ਸੌਂਪੇ ਹੋਇ ਕੰਮ ਨੂੰ ਨੇਪਰੇ ਚਾੜ੍ਹਨ ਲਈ ਸੰਸਾਰ ਤੇ ਪ੍ਰਗਟ ਹੁੰਦਾ ਹੈ। ਉਹ ਜਿਹੜਾ ਵੀ ਕੰਮ ਕਰਦਾ ਹੈ, ਉਹ ਆਪਣੇ ਮਹਿਬੂਬ ਦੇ ਹੁਕਮ ਵਿਚ ਹੀ ਕਰਦਾ ਹੈ। ਉਸਦਾ ਕੰਮ ਉਸ ਦੇ ਮਾਲਕ ਦਾ ਕੰਮ ਹੀ ਹੁੰਦਾ ਹੈ, ਕਿਉਂਕਿ "ਰਾਮ ਸੰਤ ਮਹਿ ਭੇਦੁ ਕਿਛੁ ਨਾਹੀ"* ਵਾਲੀ ਗੱਲ ਬਣ ਜਾਂਦੀ ਹੈ। ਉਹ ਗੁਰੂ ਅਰਜਨ ਹੁੰਦਾ ਹੋਇਆ ਵੀ 'ਪਰਤਖੁ ਹਰਿ' ਹੁੰਦਾ ਹੈ। ਉਹ ਬ੍ਰਹਮ ਗਿਆਨੀ ਹੁੰਦਾ ਹੈ ਤੇ ਇਸ ਤਰ੍ਹਾਂ 'ਆਪਿ ਪਰਮੇਸੁਰ' ਦਾ ਰੂਪ ਹੋ ਜਾਂਦਾ ਹੈ।

ਇਹ ਸਭ ਕੁਝ ਤਪ ਜਾਂ ਸਿਮਰਨ ਦੀ ਬਰਕਤ ਨਾਲ ਹੀ ਸੰਭਵ ਹੁੰਦਾ ਹੈ। ਮੁਖ ਗੱਲ ਤਾਂ ਤਪ ਸਾਧਨ ਦੀ ਹੈ। ਤਪ ਹੀ ਸਾਰੀਆਂ ਬਰਕਤਾਂ ਦਾ ਸੋਮਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਜਗਤ ਜਲੰਦੇ ਨੂੰ ਠਾਰਨ ਲਈ ਆਪਣਾ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਬਖ਼ਸ਼ਸ਼ ਦਾ ਦਰ ਪ੍ਰਾਪਤ ਕਰ ਕੇ, ਨਾਮ ਸਿਮਰਨ ਦੀ ਘਾਲ ਕਮਾਈ

* ਗਉੜੀ ਮਹਲਾ ੫, ਪੰਨਾ ੨੦੮



www.AKJ.Org

ਕੀਤੀ। ਤੱਪ ਦੇ ਸਿੱਟੇ ਵਜੋਂ ਆਪਣੇ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕੀਤੀ :–

ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਿਉ ਬਣਿ ਆਈ ॥

ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੪

ਇਸ ਭਾਰੀ ਤਪੱਸਿਆ ਮਗਰੋਂ ਦਾਤਾਰ ਦੀ ਰਹਿਮਤ ਦਾ ਪਾਤਰ ਬਣ ਕੇ ਹੀ–

"ਚੜ੍ਹਿਆ ਸੋਧਣ ਧਰਤਿ ਲੁਕਾਈ ॥" [ਵਾਰ ੧, ਪਉੜੀ ੨੪

ਏਸੇ ਤਪ ਦੀ ਬਰਕਤ ਨਾਲ ਬਾਬੇ ਨੇ ਚਾਰ ਚਕ ਤੇ ਨੌਂ ਖੰਡ ਪ੍ਰਿਥਮੀ ਤਾਰ ਦਿਤੀ।

ਏਸੇ ਤਪ ਦੇ ਸਦਕੇ ਦਸਮੇਸ਼ ਗੁਰਦੇਵ ਜੀ ਨੇ ਵੀ ਆਪਣੇ "ਧਰਮ ਚਲਾਵਨ, ਸੰਤ ਉਬਾਰਨ ਤੇ ਦੁਸਟ ਸਭਨ ਕੋ ਮੂਲ ਉਪਾਰਨ"† ਦੇ ਮਹਾਨ ਕੰਮ ਨੂੰ ਸਿਰੇ ਚੜ੍ਹਾਇਆ।

ਸਰਬੰਸ ਦਾ ਦਾਨ, ਦੁਸ਼ਟਾਂ ਦਾ ਨਾਸ, ਦੀਨ ਦੁਖੀ ਦੀ ਰੱਖਿਆ, ਜ਼ੁਲਮ ਦਾ ਨਾਸ, ਜ਼ੁਲਮੀ ਨਾਲ ਟੱਕਰ ਲੈਣ ਅਤੇ ਇਕ ਆਦਰਸ਼ਕ ਇਨਸਾਨ–ਖਾਲਸਾ–ਦੀ ਸਾਜਨਾ ਕਰ ਕੇ ਆਪ ਨੇ ਜ਼ੁਲਮੀ ਤੇ ਅਤਿਆਚਾਰੀ ਸ਼ਾਸਨ ਦੀਆਂ ਜੜ੍ਹਾਂ ਹਿਲਾ ਕੇ ਰਖ ਦਿਤੀਆਂ, ਗਿਦੜਾਂ ਵਿਚ ਸ਼ੇਰ ਦੀ ਤਾਕਤ ਭਰ ਦਿਤੀ, ਊਚ ਨੀਚ ਦੇ ਵਿਤਕਰੇ ਖ਼ਤਮ ਕਰ ਦਿਤੇ, ਇਕੋ ਇਨਸਾਨ ਵਿਚ ਸੰਤ ਅਤੇ ਸਿਪਾਹੀ, ਦੋਹਾਂ ਦੇ ਗੁਣ ਭਰ ਦਿਤੇ ਤੇ ਇਸ ਤਰ੍ਹਾਂ ਇਕ ਇਨਕਲਾਬ ਲਿਆ ਕੇ ਇਤਿਹਾਸ ਨੂੰ ਨਵੀਂ ਸੇਧ ਪ੍ਰਦਾਨ ਕੀਤੀ।

ਆਪ ਜੀ ਦੇ ਪੂਜਯ ਮਾਤਾ ਪਿਤਾ–ਨੌਵੇਂ ਗੁਰਦੇਵ ਜੀ ਨੇ ਵੀ ਵਾਹਿਗੁਰੂ ਜੀ ਪਾਸੋਂ ਆਪ ਵਰਗੇ ਸਪੂਤ ਦੀ ਦਾਤ ਪ੍ਰਾਪਤ ਕਰਨ ਲਈ ਤਪ ਦਾ ਹੀ ਸਾਧਨ ਵਰਤਿਆ। ਇਸ ਬਾਰੇ ਆਪ ਨੇ ਆਪਣੇ ਮੁਖ਼ਾਰਬਿੰਦ ਤੋਂ ਫ਼ੁਰਮਾਇਆ ਹੈ :—

ਤਾਤ ਮਾਤ ਮੁਰ ਅਲੱਖ ਅਰਾਧਾ ॥ ਬਹੁ ਬਿਧਿ ਲੋਗ ਸਾਧਨਾ ਸਾਧਾ ॥੩॥
ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾਂ ਤੇ ਭਏ ਪ੍ਰਸੰਨਿ ਗੁਰ ਦੇਵਾ ॥੪॥

ਬਚਿਤ੍ਰ ਨਾਟਕ, ਅਧਿ: ੬

ਤਪ ਜਾਂ ਭਗਤੀ, ਬੰਦਗੀ ਤੋਂ ਬਿਨਾ ਤਾਂ ਕੋਈ ਵੀ ਕਾਰਜ ਸਿਰੇ ਨਹੀਂ ਚੜ੍ਹ ਸਕਦਾ। ਸੰਸਾਰ ਸਾਗਰ ਤੋਂ ਪਾਰ-ਉਤਾਰਾ ਵੀ ਤਪ ਜਾਂ ਸਿਮਰਨ ਹੀ ਕਰ ਸਕਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ–

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥੨॥੪॥

[ਸੂਹੀ ਮਹਲਾ ੧–੭੨੯

ਸੰਸਾਰ ਦਾ ਪੰਧ ਸੁਖਾਲਾ ਕਰਨ ਲਈ ਤਪ ਦੀ ਅਤਿਅੰਤ ਲੋੜ ਹੈ। ਸੰਸਾਰਕ ਮੁਸ਼ਕਲਾਂ, ਤਪੱਸਵੀ ਨੂੰ ਉਸ ਦੇ ਅਕੀਦੇ ਤੋਂ ਡੋਲਣ ਨਹੀਂ ਦਿੰਦੀਆਂ। ਵਰ੍ਹਿਆਂ ਬਧੀ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਬੰਦ ਤਪੱਸੀਆਂ ਨੇ ਨਾਮ-ਖੰਡੇ ਖੜਕਾਣੇ ਜਾਰੀ ਰਖੇ। ਹਥਕੜੀਆਂ ਨੇ ਸਾਜਾਂ ਦਾ ਕੰਮ ਦਿਤਾ ਤੇ ਉਨ੍ਹਾਂ ਨੇ ਕੀਰਤਨ ਦੇ ਛਾਂਦੇ ਆਪ ਭੁੰਚੇ ਤੇ ਸਨੇਹੀਆਂ ਨੂੰ ਭੁੰਚਾਏ। ਹਰ ਪ੍ਰਕਾਰ ਦੇ ਤਸੀਹੇ ਹੱਸ ਹੱਸ ਕੇ ਸਹਿਨ ਕੀਤੇ। ਬਿਰਤੀ ਅਡੋਲ ਅਵਸਥਾ ਵਿਚ ਟਿਕਾਈ ਰਖੀ ਤੇ ਮੂੰਹੋਂ ਇਹੀ ਵਾਕ ਨਿਕਲਦੇ ਰਹੇ :–

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੂਖ ਵਿਚਿ ਸੂਖ ਮਨਾਈ ॥੩॥

[ਸੂਹੀ ਅਸਟ: ਮ: ੪, ਪੰਨਾ ੭੫੭

† ਬਚਿਤ੍ਰ ਨਾਟਕ, ਅਧਿਆਇ ੬, ਅੰਕ ੪੩



www.AKJ.Org

# ਦੇਵੀ ਪ੍ਰਗਟ ਕਰਨ ਦਾ ਕਿੱਸਾ

[ਪ੍ਰਸਿਧ ਆਰੀਆ ਸਮਾਜੀ ਲੇਖਕ ਲਾਲਾ ਦੌਲਤ ਰਾਂਇ ਜੀ]

ਜਦੋਂ ਗੁਰੂ ਗੋਬਿੰਦ ਸਿੰਘ ਜੀ ਆਉਣ ਵਾਲੇ ਸਮੇਂ ਦੇ ਕਾਰਜ ਦੀ ਤਿਆਰੀ ਵਿਚ ਜੁਟੇ ਹੋਏ ਸਨ ਤੇ ਜੰਗੀ ਸਾਮਾਨ ਇਕੱਠਾ ਕਰ ਰਹੇ ਸਨ ਤਾਂ ਉਸ ਸਮੇਂ ਪੰਡਤਾਂ ਨੇ ਗੁਰੂ ਜੀ ਨੂੰ ਪ੍ਰੇਰਿਆ ਜਾਂ ਗੁਰੂ ਜੀ ਨੇ ਆਪ ਹੀ ਦੇਵੀ-ਪੂਜ ਸ਼ਰੇਣੀ ਨੂੰ ਆਪਣੇ ਵਲ ਖਿਚਣ ਤੇ ਪ੍ਰੇਰਨ ਲਈ ਪੰਡਤਾਂ ਨੂੰ ਇਸ ਗੱਲ ਤੇ ਤਿਆਰ ਕੀਤਾ ਕਿ ਇਕ ਖ਼ਾਸ ਵਿਸ਼ੇਸ਼ ਯਗ ਤੇ ਹਵਨ ਕੀਤਾ ਜਾਵੇ, ਜਿਸ ਰਾਹੀਂ ਦੇਵੀ ਪਰਗਟ ਕਰ ਕੇ, ਉਸ ਦੀ ਸਹਾਇਤਾ ਤੇ ਬਰਕਤ ਨਾਲ ਦੁਸ਼ਮਣਾਂ ਦਾ ਨਾਸ਼ ਕੀਤਾ ਜਾਵੇ।

ਮਾਲਕਾਰ (ਨੈਣਾਂ ਦੇਵੀ) ਪਹਾੜ ਉਤੇ ਯਗ ਦੀ ਸਮਿਗਰੀ ਇਕੱਠੀ ਕੀਤੀ ਗਈ। ਇਸ ਯਗ ਨੂੰ ਸੰਪੂਰਨ ਕਰਨ ਲਈ ਬਨਾਰਸ ਤੋਂ ਕਾਲੀਦਾਸ ਤੇ ਕੇਸ਼ੋਦਾਸ ਨਾਮੀ ਦੋ ਪੰਡਤ ਬੁਲਾਏ ਗਏ। ਉਨ੍ਹਾਂ ਨਾਲ ਪੰਡਤ ਬਿਸ਼ੰਬਰ ਦਾਸ ਜੀ ਵੀ ਸ਼ਾਮਲ ਕੀਤੇ ਗਏ। ਹਵਨ ਕਈ ਦਿਨ ਹੁੰਦਾ ਰਿਹਾ, ਪਰ ਦੇਵੀ ਪਰਗਟ ਨਾ ਹੋਈ, ਜਿਵੇਂ ਕਿ ਬ੍ਰਾਹਮਣਾਂ ਨੇ ਦਾਅਵਾ ਕੀਤਾ ਸੀ। ਫਿਰ ਬ੍ਰਾਹਮਣਾਂ ਨੇ ਇਹ ਢੁਚਰ ਖੜਾ ਕੀਤਾ ਕਿ ਦੇਵੀ ਉਦੋਂ ਤਕ ਪਰਗਟ ਨਹੀਂ ਹੋਵੇਗੀ ਜਦੋਂ ਤਕ ਕਿ ਇਸ ਹਵਨ-ਕੁੰਡ ਵਿਚ ਦੇਵੀ ਨੂੰ ਕਿਸੇ ਮਹਾਤਮਾ ਦੀ ਬਲੀ ਨਾ ਦਿਤੀ ਜਾਵੇ। ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਡਤਾਂ ਨੂੰ ਹੱਸ ਕੇ ਆਖਿਆ ਕਿ ਆਪ ਨਾਲੋਂ ਵਡਾ ਕੌਣ ਮਹਾਤਮਾ ਮਿਲ ਸਕਦਾ ਹੈ। ਚੰਗਾ ਹੋਵੇ ਕਿ ਜੇ ਕਿਸੇ ਪੰਡਤ ਨੂੰ ਹੀ ਦੇਵੀ ਅਗੇ ਬਲੀਦਾਨ ਕੀਤਾ ਜਾਵੇ। ਇਹ ਸੁਣਦੇ ਸਾਰ ਹੀ ਪੰਡਤ ਪਿਸ਼ਾਬ ਕਰਨ ਤੇ ਇਸ਼ਨਾਨ ਕਰਨ ਦੇ ਬਹਾਨੇ ਉਥੋਂ ਖਿਸਕ ਗਏ ਅਤੇ ਯਗ ਉਥੇ ਦਾ ਉਥੇ ਹੀ ਰਹਿ ਗਿਆ।

---

ਨੌਵੇਂ ਗੁਰਦੇਵ ਨੇ ਹਿੰਦ ਦੀ ਚਾਦਰ ਬਣ ਕੇ ਦੇਸ ਦੀ ਪਾਣ-ਪਤ ਬਚਾਣ ਲਈ ਆਪਣਾ ਮਹਾਨ ਬਲੀਦਾਨ ਦੇਣ ਤੋਂ ਪਹਿਲਾਂ, ਬਾਬਾ ਬਕਾਲਾ ਵਿਖੇ ਭੋਰੇ ਵ੍ਰਿਚ ਬਹਿ ਕੇ ਲਗਾਤਾਰ ਵੀਹ ਇਕੀਹ ਸਾਲ ਤਪ ਕਰ ਕੇ ਵਾਹਿਗੁਰੂ ਦੀ ਪ੍ਰਸੰਨਤਾ ਪ੍ਰਾਪਤ ਕੀਤੀ। ਏਸੇ ਲਈ ਸੁਰ ਲੋਕ ਵਿਚ ਆਪ ਦੀ ਜੈ ਜੈਕਾਰ ਹੋਈ। ਹੁੰਦੀ ਵੀ ਕਿਉਂ ਨ, ਆਪ ਵਰਗੀ ਕਿਰਿਆ ਕੇਵਲ ਆਪ ਵਰਗਾ ਮਹਾਨ ਤਪੱਸਵੀ ਤੇ ਤਿਆਗੀ ਹੀ ਕਰ ਸਕਦਾ ਸੀ।

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ ॥੧੫॥ ਬਚਿਤ੍ਰ ਨਾਟਕ, ਅਧਿ: ੫

ਤਪ ਦੀ ਬਰਕਤ ਨਾਲ ਹੀ ਆਪ ਨੇ ਸੀਸ ਤਾਂ ਦੇ ਦਿਤਾ, ਪਰ ਸੀ ਨ ਉਚਾਰੀ। 'ਸਿਰਰੁ' ਅਣਖ ਕਾਇਮ ਰਖਦਿਆਂ ਕਲਯੁਗ ਵਿਚ ਇਕ ਮਹਾਨ ਕਾਰਨਾਮਾ ਕਰ ਕੇ ਦਿਖਾ ਦਿਤਾ। ਇਹ ਸਭ ਕੁਝ ਤਪ ਤੇ ਸਿਮਰਨ ਦਾ ਹੀ ਸਦਕਾ ਸੀ।

ਸਾਰ ਵਸਤੂ ਪ੍ਰਭੂ-ਭਗਤੀ, ਤਪੱਸਿਆ ਤੇ ਸਿਮਰਨ ਹੈ। ਏਸੇ ਦੇ ਸਦਕੇ ਤਪੱਸਵੀ ਸੰਸਾਰ ਤੇ ਆ ਕੇ, ਮਹਾਨ ਕਾਰਨਾਮੇ ਕਰ ਕੇ ਵਿਖਾ ਦਿੰਦੇ ਹਨ, ਜਿਨ੍ਹਾਂ ਨੂੰ ਰਹਿੰਦੀ ਦੁਨੀਆ ਤਕ ਚੇਤੇ ਕੀਤਾ ਜਾਂਦਾ ਹੈ। ਹਰ ਗੁਰਸਿਖ ਅਰਦਾਸ ਵਿਚ ਹਰ ਰੋਜ਼ "ਹਠੀਆਂ, ਜਪੀਆਂ, ਤਪੀਆਂ ਤੇ ਸਿਦਕਵਾਨਾਂ ਦੀ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ" ਦਾ ਉਚਾਰਨ ਕਰਦਾ ਹੈ। ਤਪ ਕਰ ਕੇ ਹੀ ਦਸਮੇਸ਼ ਗੁਰਦੇਵ ਜੀ ਨੂੰ 'ਸੰਤ ਅਤੇ ਸਿਪਾਹੀ' ਕਿਹਾ ਜਾਂਦਾ ਹੈ। ਤਪੱਸਵੀ ਹੋਣ ਕਰਕੇ ਆਪ ਮਹਾਨ ਸੰਤ ਹਨ ਤੇ ਨਿਤਾਣਿਆਂ ਦੀ ਰਖਿਆ ਕਰਨ ਲਈ ਸਿਪਾਹੀ ਹਨ।

ਤਪੱਸਵੀ ਰੂਹਾਂ ਹੀ ਸੰਸਾਰ ਤੇ ਆ ਕੇ ਸੰਸਾਰੀ ਜੀਵਾਂ ਨੂੰ ਤਪ ਦੇ ਸਦਕੇ ਸੱਚੇ ਅਤੇ ਸੁੱਚੇ ਵਾਹਿਗੁਰੂ ਦੇ ਮਾਰਗ ਦਾ ਪਤਾ ਦਿੰਦੀਆਂ ਹਨ।



www.AKJ.Org

ਕਈ ਰਵਾਇਤਾਂ ਵਿਚੋਂ ਇਕ ਇਹ ਵੀ ਰਵਾਇਤ ਪ੍ਰਚਲਤ ਹੈ ਕਿ ਜਦੋਂ ਪੰਡਤ ਹਵਨ ਨੂੰ ਅਧੂਰਾ ਤੇ ਅਧਵਾਟੇ ਹੀ ਛਡ ਕੇ ਤੁਰ ਗਏ ਤਾਂ ਗੁਰੂ ਜੀ ਨੇ ਬਾਕੀ ਬਚੀ ਹੋਈ ਸਾਰੀ ਸਮਿਗਰੀ ਨੂੰ ਇਕ-ਦਮ ਹਵਨ-ਕੁੰਡ ਵਿਚ ਸੁਟਵਾ ਦਿਤਾ, ਤੇ ਇਸ ਨਾਲ ਪਹਾੜ ਤੇ ਬਹੁਤ ਪ੍ਰਚੰਡ ਅਗਨੀ ਦੀ ਬਹੁਤ ਉਚੀ ਲਾਟ ਨਿਕਲੀ, ਜਿਸ ਨੂੰ ਦੇਖ ਕੇ ਲੋਕਾਂ ਖ਼ਿਆਲ ਕੀਤਾ ਕਿ ਦੇਵੀ ਹੀ ਪਰਗਟ ਹੋ ਗਈ ਹੈ।

ਪਰ ਇਹ ਸਾਰੀਆਂ ਹੀ ਰਵਾਇਤਾਂ ਗ਼ਲਤ ਜਾਪਦੀਆਂ ਹਨ। ਵਾਸਤਵ ਵਿਚ ਇਹ ਸਾਰੀਆਂ ਕਹਾਣੀਆਂ ਹੀ ਮਨੋ-ਕਲਪਤ ਹਨ, ਜੋ ਕਿ ਕੁਝ ਭੋਲੇ ਲੋਕਾਂ ਨੇ ਕੇਵਲ ਅਗਿਆਨਤਾ ਤੇ ਅੰਧ-ਵਿਸ਼ਵਾਸੀ ਕਾਰਨ ਘੜੀਆਂ। ਇਹ ਕਹਾਣੀਆਂ ਵੀ ਲੋਕਾਂ ਨੇ ਗੁਰੂ ਜੀ ਦੇ ਦਸਮ ਗ੍ਰੰਥ ਵਿਚ ਲਿਖੀ 'ਚੰਡੀ ਦੀ ਵਾਰ' ਦੇ ਅਧਾਰ ਤੇ ਘੜੀਆਂ, ਜਿਸ ਵਿਚ ਗੁਰੂ ਜੀ ਨੇ ਦੇਵੀ ਨੂੰ ਹੀਰੋ ਬਣਾ ਕੇ ਜੰਗੀ ਮੈਦਾਨ ਦੇ ਵੀਰਤਾ ਦੇ ਹਾਲ ਵਰਨਣ ਕੀਤੇ। ਨਹੀਂ ਤਾਂ ਕਿਥੇ ਬ੍ਰਾਹਮਣਾਂ ਦਾ ਹਵਨ, ਕਿਥੇ ਉਸ ਵਿਚੋਂ ਦੇਵੀ ਦਾ ਪਰਗਟ ਹੋਣਾ, ਅਤੇ ਕਿਥੇ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਹੀ ਸਿਖਿਆ, ਜੋ ਬਿਲਕੁਲ ਹੀ ਉਸ ਦੇ ਉਲਟ ਹੈ। ਗੁਰੂ ਜੀ ਦੀ ਵਿਚਾਰਧਾਰਾ ਦੇ ਤਾਂ ਇਹ ਉੱਕਾ ਹੀ ਉਲਟ ਸੀ, ਤੇ ਆਸ ਹੀ ਨਹੀਂ ਕੀਤੀ ਜਾ ਸਕਦੀ ਕਿ ਉਨ੍ਹਾਂ ਦਾ ਅਜਿਹਾ ਵਿਚਾਰ ਜਾਂ ਕੋਈ ਵਿਸ਼ਵਾਸ ਸੀ, ਤੇ ਉਸ ਦੀ ਪੂਰਤੀ ਲਈ ਅਜਿਹਾ ਕੀਤਾ ਹੋਵੇ।

ਇਹ ਗੱਲ ਜ਼ਰੂਰ ਮੰਨੀ ਜਾ ਸਕਦੀ ਹੈ ਕਿ ਲੋਕ-ਪਰੰਪਰਾ ਤੇ ਲੋਕਾਂ ਦੀ ਬਣੀ ਵਿਚਾਰ ਨੂੰ ਨਾਟਕੀ ਢੰਗ ਨਾਲ ਫ਼ੋਕਟ ਦਰਸਾਉਣ ਲਈ, ਤੇ ਉਨ੍ਹਾਂ ਨੂੰ ਭਰਮ-ਜਾਲ ਵਿਚੋਂ ਕਢ ਕੇ ਸਵੈ-ਬਲ ਤੇ ਸਵੈ-ਭਰੋਸੇ ਦੇ ਧੁਰੇ ਤੇ ਟਿਕਾਉਣ ਲਈ ਅਜਿਹਾ ਕੋਈ ਹਵਨ ਪਹਾੜ ਦੀ ਚੋਟੀ ਤੇ ਕਰਵਾਇਆ ਹੋਵੇ ਤੇ ਰਹਿੰਦੀ ਖੂੰਹਦੀ ਸਮਿਗਰੀ ਸੁਟਣ ਕਾਰਨ ਉਚੀਆਂ ਲਾਟਾਂ ਨਿਕਲੀਆਂ ਹੋਣ, ਤੇ ਲੋਕਾਂ ਨੇ ਦੂਰ ਤਕ ਉਸ ਨੂੰ ਵੇਖ ਕੇ ਅਨੁਮਾਨ ਲਾਇਆ ਹੋਵੇ ਕਿ ਦੇਵੀ ਗੁਰੂ ਜੀ ਦੇ ਵਸ ਆ ਗਈ ਹੈ ਜਾਂ ਕੋਈ ਦੇਵਤਾ ਕਾਬੂ ਆ ਗਿਆ ਹੈ। ਤੇ ਹੁਣ ਗੁਰੂ ਜੀ ਨੂੰ ਵਿਰੋਧੀਆਂ ਉਪਰ ਅਵੱਸ਼ ਜਿਤ ਹੋਵੇਗੀ। ਇਸ ਕਾਰਨ ਆਲੇ ਦੁਆਲੇ ਦੇ ਜੱਟ ਚਾਅ ਨਾਲ ਗੁਰੂ ਜੀ ਨਾਲ ਸ਼ਾਮਲ ਹੋਣ ਲਗ ਪਏ।

ਸਾਡੇ ਕੋਲ ਇਸ ਕਹਾਣੀ ਬਾਰੇ ਨਾ ਤਾਂ ਕੋਈ ਯੋਗ ਦਲੀਲਾਂ ਹਨ ਤੇ ਨਾ ਹੀ ਠੋਸ ਸਬੂਤ ਹੀ ਹੈ। ਸੋ ਅਸੀਂ ਇਹ ਹੀ ਸਮਝ ਸਕਦੇ ਹਾਂ ਕਿ ਇਹ ਉਸ ਸਮੇਂ ਦੀ ਨੀਤੀ ਅਨੁਸਾਰ ਨਾਟਕੀ ਢੰਗ ਵਰਤ ਕੇ ਲੋਕਾਂ ਨੂੰ ਪ੍ਰੇਰਨਾ ਦਾ ਸਾਧਨ ਸੀ, ਜੋ ਲੋਕਾਂ ਨੂੰ ਜੰਗੀ ਰੁਚੀਆਂ ਵਲ ਪ੍ਰੇਰਨ ਵਿਚ ਸਹਾਇਕ ਸਿਧ ਹੋਇਆ।

ਇਸ ਸਾਰੇ ਨਾਟਕ ਤੋਂ ਇਹ ਸਿੱਟਾ ਕਢਣਾ ਨਿਰਮੂਲ ਹੈ ਕਿ ਗੁਰੂ ਜੀ ਦੇਵੀ-ਪੂਜ ਸਨ ਜਾਂ ਅਜਿਹਾ ਕਰਨ ਦੀ ਹੋਰਨਾਂ ਨੂੰ ਆਗਿਆ ਦਿੰਦੇ ਸਨ। ਅਜਿਹੇ ਨਾਟਕ ਜਾਂ ਟੋਟਕੇ ਲੜਾਈ ਸਮੇਂ ਕਈ ਵਾਰ ਕਈ ਸਮਿਆਂ ਤੇ ਕਈਆਂ ਨੇ ਅਗੇ ਵਰਤੇ ਸਨ, ਤੇ ਇਤਿਹਾਸ ਵਿਚੋਂ ਇਹੋ ਜਿਹੀਆਂ ਗਵਾਹੀਆਂ ਮਿਲਦੀਆਂ ਹਨ। ਜੇ ਰਾਜਸੀ ਖੇਤਰ ਵਿਚ ਇਹ ਗੱਲ ਸਚ ਮੁਚ ਵਾਪਰੀ ਹੋਵੇ ਤਾਂ ਇਹ ਗੁਰੂ ਜੀ ਦੀ ਆਉਣ ਵਾਲੇ ਸਮੇਂ ਲਈ ਕਾਰਜ ਦਾ ਪ੍ਰਤੀਕ ਸੀ, ਉਸ ਖਾਲਸਾ ਧਰਮ ਲਈ, ਜਿਸ ਲਈ ਉਹ ਤਿਆਰੀ ਕਰ ਰਹੇ ਸਨ।

ਪਰ, ਖਾਲਸਾ ਧਰਮ ਦੀ ਬੁਨਿਆਦ ਰਖਣ ਸਮੇਂ ਵੀ ਉਨ੍ਹਾਂ ਨੇ ਦੇਵੀ ਨੂੰ ਆਪਣੇ ਅਸੂਲਾਂ ਵਿਚ ਉੱਕਾ ਹੀ ਸ਼ਾਮਲ ਨਹੀਂ ਕੀਤਾ। ਖ਼ਾਲਸਾ ਧਰਮ ਦੇ ਬੁਨਿਆਦੀ ਅਸੂਲਾਂ ਵਿਚ ਦੇਵੀ-ਪੂਜਾ ਜਾਂ ਅਵਤਾਰ-ਪੂਜਾ ਜਾਂ ਕਿਸੇ ਪਰਕਾਰ ਦੀ ਵੀ ਮਨੁਖੀ-ਪੂਜਾ ਦਾ ਉਨ੍ਹਾਂ ਪੂਰੀ ਤਰ੍ਹਾਂ ਖ਼ਾਤਮਾ ਕਰ ਦਿਤਾ। ਇਸ ਤੋਂ ਉਪਰੰਤ ਗੁਰੂ ਜੀ ਵਲੋਂ ਕੋਈ ਅਜਿਹੀ ਘਟਨਾ ਵੇਖਣ ਵਿਚ ਨਹੀਂ ਆਈ, ਜਿਸ ਤੋਂ ਅਜਿਹਾ ਅਨੁਮਾਨ ਲਗ ਸਕੇ ਕਿ ਉਹ ਕਿਸੇ ਦੇਵੀ ਦੇਵਤੇ ਦੀ ਪੂਜਾ ਨੂੰ ਜਾਇਜ਼ ਸਮਝਦੇ ਸਨ।

["ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ" ਵਿਚੋਂ[



www.AKJ.Org

# ਗੁਰੂ ਗੋਬਿੰਦ ਸਿੰਘ ਜੀ ਅਤੇ ਦੇਵੀ ਪੂਜਾ

[ਪ੍ਰਿੰ: ਸੁਰਜੀਤ ਸਿੰਘ ਜੀ, ੯-ਫਰੈਂਡਜ਼ ਕਾਲੋਨੀ, ਸਾਊਥ ਮਾਡਲ ਗਰਾਮ, ਲੁਧਿਆਣਾ]

ਦਸਮ ਗ੍ਰੰਥ ਦੀਆਂ ਬਾਣੀਆਂ ਵਿਚੋਂ ਲਈਆਂ ਇੱਕਾ-ਦੁਕਾ ਤੁਕਾਂ ਦੇ ਹਵਾਲੇ ਨਾਲ ਕੁਝ ਲੋਕ ਗੁਰੂ ਗੋਬਿੰਦ ਸਿੰਘ ਜੀ ਨੂੰ (ਦੁਰਗਾ, ਭਗਉਤੀ, ਭਵਾਨੀ, ਜਵਾਲਾ, ਮਹਾਂਕਾਲੀ, ਚੰਡਿਕਾ ਆਦਿ) ਦੇਵੀ ਦੇ ਉਪਾਸ਼ਕ ਤੇ ਪੁਜਾਰੀ ਦੱਸਣ ਦਾ ਯਤਨ ਕਰ ਰਹੇ ਹਨ। ਖ਼ਾਸ ਤੌਰ ਤੇ ਬਚਿਤ੍ਰ ਨਾਟਕ ਵਿਚ 'ਅਬ ਮੈ ਅਪਨੀ ਕਥਾ ਬਖਾਨੋ' ਵਾਲੀ ਚੌਪਈ ਵਿਚ ਆਈ ਤੁਕ–

ਤਹ ਹਮ ਅਧਿਕ ਤਪਸਿਆ ਸਾਧੀ ॥ ਮਹਾਂ ਕਾਲ ਕਾਲਿਕਾ ਆਰਾਧੀ ॥੨॥ [ਅਧਿ: ੬

ਦਾ ਵਰਣਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਭਾਈ ਗੁਰਦਾਸ (ਦੂਸਰੇ) ਦੀ ਵਾਰ ਵਿਚ ਖਾਲਸੇ ਦੀ ਸਿਰਜਨਾ ਦੇ ਸੰਬੰਧ ਵਿਚ– ਗੁਰ ਸਿਮਰਿ ਮਨਾਈ ਕਾਲਕਾ, ਖੰਡੇ ਕੀ ਬੇਲਾ ॥੧॥

ਦਾ ਜ਼ਿਕਰ ਕਰਦਿਆਂ ਉਹਨਾਂ ਨੂੰ 'ਮਹਾਂ ਕਾਲੀ' ਦਾ ਉਪਾਸ਼ਕ ਦਰਸਾਇਆ ਜਾਂਦਾ ਹੈ। ਫਿਰ 'ਵਾਰ ਸ੍ਰੀ ਭਗਉਤੀ ਜੀ ਕੀ' ਦੇ ਮੁੱਢਲੇ ਸ਼ਬਦਾਂ 'ਪ੍ਰਿਥਮ ਭਗੌਤੀ ਸਿਮਰ ਕੈ,' ਜੋ ਸਿੱਖ ਅਰਦਾਸ ਦੇ ਮੁੱਢਲੇ ਸ਼ਬਦ ਹਨ, ਨੂੰ ਗੁਰੂ ਸਾਹਿਬ ਨੂੰ ਭਗੌਤੀ ਦਾ ਸਿਮਰਨ ਕਰਨ ਵਾਲੇ ਦੱਸਣ ਲਈ ਪ੍ਰਮਾਣ ਦੇ ਤੌਰ ਉਤੇ ਵਰਤਦੇ ਹਨ।

ਕਿਸੇ ਵੀ ਤੁਕ ਜਾਂ ਟੂਕ ਨੂੰ ਉਸ ਦੇ ਅਗਲ-ਪਿਛਲ ਨਾਲੋਂ ਨਿਖੇੜ ਕੇ, ਉਸ ਦੇ ਪ੍ਰਸੰਗ ਤੇ ਪ੍ਰਸਥਿਤੀ ਨਾਲੋਂ ਵੱਖਰਾ ਕਰ ਕੇ, ਨਾ-ਕੇਵਲ ਅਰਥ ਦਾ ਹੀ ਅਨਰਥ ਕੀਤਾ ਜਾਂਦਾ ਹੈ, ਸਗੋਂ ਉਸ ਦੇ ਰਚਤਾ ਨਾਲ ਘੋਰ ਬੇਇਨਸਾਫ਼ੀ ਕੀਤੀ ਜਾਂਦੀ ਹੈ। ਫਿਰ ਕਿਸੇ ਵੀ ਸ਼ਬਦ ਜਾਂ ਤੁਕ ਦੇ ਅਰਥ ਜਾਂ ਵਿਆਖਿਆ, ਉਸੇ ਬਾਣੀ ਜਾਂ ਹੋਰ ਬਾਣੀਆਂ ਦੇ ਹਵਾਲੇ ਨਾਲ ਹੀ ਕੀਤੇ ਜਾਣੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਦਾ ਹਵਾਲਾ ਤੇ ਇਨ੍ਹਾਂ ਦੇ ਭਾਵ ਦੀ ਵਿਆਖਿਆ ਹੋਰ ਵੀ ਕਈ ਜਗ੍ਹਾ ਉਤੇ ਕੀਤੀ ਮਿਲਦੀ ਹੈ। ਫਿਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਸਾਰੇ ਗੁਰੂ ਸਾਹਿਬਾਨ ਇਕੋ ਜੋਤਿ ਦਾ ਸਰੂਪ ਸਨ ਤੇ ਇਕੋ ਜੁਗਤ ਵਿਚ ਵਰਤਦੇ ਤੇ ਚਲਦੇ ਰਹੇ ਹਨ, ਸਾਰੇ ਹੀ ਇਕੋ ਡਸਿਪਲਿਨ ਦੇ ਧਾਰਨੀ ਸਨ, ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਕਿਸੇ ਵੀ ਕਥਨ ਦੀ ਵਿਆਖਿਆ ਕਰਨ ਲਗਿਆਂ ਇਨ੍ਹਾਂ ਸਾਰੀਆਂ ਗੱਲਾਂ, ਖ਼ਾਸ ਕਰਕੇ ਗੁਰਮਤਿ ਡਸਿਪਲਿਨ ਤੇ ਗੁਰਮਤਿ ਵਿਚਾਰਧਾਰਾ ਦਾ ਧਿਆਨ ਰੱਖਣਾ ਅਤਿਅੰਤ ਜ਼ਰੂਰੀ ਹੈ।

ਗੁਰੂ ਗੋਬਿੰਦ ਸਿੰਘ ਜੀ, ਗੁਰੂ ਨਾਨਕ ਦੇਵ ਜੀ ਦੀ ੧ਓ ਦੀ ਧਾਰਨਾ, ਜਿਸ ਵਿਚ ਏਕਾ, ਹਿੰਦਸੇ ਦੇ ਰੂਪ ਵਿਚ ਲਿਖਿਆ ਹੋਇਆ ਹੈ ਤਾਂਕਿ ਇਸ ਨੂੰ ਅੱਗੇ ਹਿਸਿਆਂ ਵਿਚ ਨਾ ਵੰਡਿਆ ਜਾ ਸਕੇ, ਉਤੇ ਚਲਦੇ ਹੋਏ ਦਸਮ ਗ੍ਰੰਥ ਵਿਚ–"**ਏਕ ਬਿਨਾ ਮਨ ਨੈਕ ਨ ਆਨੈ**"* ਦਾ ਆਦੇਸ਼ ਦਿੰਦੇ ਹਨ, ਜੋ ਗੁਰੂ ਅਰਜਨ ਦੇਵ ਜੀ ਦੇ ਕਥਨ– 'ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ' ॥੩॥੧॥੪॥ (ਪੰਨਾ ੭੬੧)

ਦੇ ਐਨ ਸਮਾਂਤਰ ਹੈ। ਐਸੇ ਗੁਰੂ ਗੋਬਿੰਦ ਸਿੰਘ ਨੂੰ ਕਿਸੇ ਦੇਵੀ ਦੇਵਤੇ ਦਾ ਪੁਜਾਰੀ ਕਹਿਣਾ ਕੀ ਉਸ ਨਾਲ ਘੋਰ ਅਨਿਆਂ ਨਹੀਂ ? ਫਿਰ ਇਸ 'ਇਕ' ਵਿਚ "ਪੂਰਨ ਪ੍ਰੇਮ ਪ੍ਰਤੀਤ ਸਜੈ"* ਦਾ ਐਲਾਨ ਕਰਨ ਵਾਲਾ ਆਪਣਾ ਪ੍ਰੇਮ ਕਿਸੇ ਹੋਰ ਦੇਵੀ ਦੇਵਤੇ ਨਾਲ ਕਿਵੇਂ ਜੋੜ ਸਕਦਾ ਹੈ ? ਇਸ 'ਇਕ' ਉਤੇ ਪੂਰਨ ਪ੍ਰਤੀਤ ਰਖਣ ਵਾਲਾ ਕਿਸੇ ਦੂਸਰੇ ਦੇਵੀ ਦੇਵਤੇ ਦੀ ਕਿਵੇਂ ਉਪਾਸ਼ਨਾ ਕਰੇਗਾ, ਪੂਰਨ ਪ੍ਰੇਮ ਤੇ ਪ੍ਰਤੀਤ ਤਾਂ ਕਦੀ ਵੰਡੇ ਨਹੀਂ ਜਾ ਸਕਦੇ। ਫਿਰ–"ਜਾਗਤ ਜੋਤਿ ਜਪੈ ਨਿਸ ਬਾਸੁਰ"* ਕਹਿਣ ਵਾਲਾ, ਦੁਰਗਾ ਆਦਿ ਮਿਥਿਹਾਸਕ ਹਸਤੀਆਂ ਦਾ ਕਿਵੇਂ ਧਿਆਨ ਧਰੇਗਾ ?

ਉਹ ਤਾਂ ਕੇਵਲ ਅਕਾਲ ਪੁਰਖ਼ ਨੂੰ ਹੀ ਧਿਆਉਂਦੇ ਸਨ, ਐਸੇ ਅਕਾਲ ਪੁਰਖ ਨੂੰ, ਜਿਸ ਬਾਰੇ ਉਹ ਕਹਿੰਦੇ ਹਨ–

* ਤੇਤੀ ਸਵੱਯੇ, ਨੰਬਰ ੧



www.AKJ.Org

ਚੱਕ੍ਰ ਚਿਹਨ ਅਰੁ ਬਰਨ ਜਾਤਿ, ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ, ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣ, ਸਾਹੁ ਸਾਹਾਣਿ ਗਣਿਜੈ ॥੧॥ (ਜਾਪੁ ਸਾਹਿਬ)

ਉਨ੍ਹਾਂ ਦੀ ਉਪਾਸ਼ਨਾ ਤੇ ਅਰਾਧਨਾ ਦਾ ਇਹ ਕੇਂਦਰ ਉਹ ਹੀ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਅਕਾਲ ਮੂਰਤਿ ਅਜੂਨੀ ਤੇ ਸੈਭੰ ਕਿਹਾ ਹੈ, ਨਿਰੰਕਾਰ ਕਿਹਾ ਹੈ। ਕ੍ਰਿਸ਼ਨਾਵਤਾਰ ਵਿਚ ਉਹ ਤਾਂ ਬੜੇ ਸਪੱਸ਼ਟ ਸ਼ਬਦਾਂ ਵਿਚ ਕਹਿੰਦੇ ਹਨ–

ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥ ਕਿਸਨ ਬਿਸਨ ਕਬਹੂੰ ਨ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥ ਲਿਵ ਲਾਗੀ ਮੋਰੀ ਪਗ ਇਨ ਸੋਂ ॥੪੩੪॥

ਜੋ 'ਕਾਨ੍ਹ ਸੁਨੇ ਪਹਿਚਾਨ ਨ ਤਿਨ ਸੋਂ' ਵਿਚ ਲਿਵ ਲਾਉਣ ਵਾਲਾ ਹੈ, ਉਹ ਉਨ੍ਹਾਂ 'ਹਸਤੀਆਂ' ਦੀ ਕਿਵੇਂ ਉਪਾਸ਼ਨਾ ਕਰ ਸਕਦਾ ਹੈ ਜਿਨ੍ਹਾਂ ਦੇ ਬੁੱਤ ਬਣਾਏ ਜਾਂ ਸਕਦੇ ਹਨ, ਜਿਨ੍ਹਾਂ ਦੇ ਕੋਈ ਸਰੂਪ ਮਿਥੇ ਜਾ ਸਕਦੇ ਹਨ, ਜਿਵੇਂ ਦੁਰਗਾ, ਮਹਾਂਕਾਲੀ ਆਦਿ ਦੇਵੀਆਂ ਦੇ ਬਣਾਏ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਆਪਣੀ ਪੂਜਾ ਤੇ ਉਪਾਸ਼ਨਾ ਬਾਰੇ ਦਸਦੇ ਹਨ–

ਕਿਸੂ ਨ ਭੇਖ ਭੀਜ ਹੋਂ ॥ ਅਲੇਖ ਬੀਜ ਬੀਜ ਹੋਂ ॥੩੪॥
ਪਖਾਣ ਪੂਜ ਹੋਂ ਨਹੀਂ ॥ ਨ ਭੇਖ ਭੀਜ ਹੋਂ ਕਹੀਂ ॥
ਅਨੰਤ ਨਾਮ ਗਾਇ ਹੋਂ ॥ ਪਰੱਮ ਪੁਰਖ ਪਾਇ ਹੋਂ ॥੩੫॥ (ਅਧਿ: ੬)

ਤਾਂ ਫਿਰ ਮਹਾਂਕਾਲ ਕਾਲਕਾ ਆਰਾਧੀ ਵਿਚ 'ਮਹਾਂਕਾਲ ਕਾਲਕਾ' ਦਾ ਕੀ ਭਾਵ ਹੋਇਆ ? ਇਸ ਦਾ ਭਾਵ ਹੈ ਉਹ ਮਹਾਂਕਾਲ, ਜੋ ਕਾਲ ਦਾ ਵੀ ਕਾਲ ਹੈ, ਭਾਵ, ਕਾਲ ਦਾ ਵੀ ਨਾਸ ਕਰਨ ਵਾਲਾ ਹੈ, ਜਿਸ ਨੂੰ ਜਾਪੁ ਸਾਹਿਬ ਵਿਚ 'ਨਮੋ ਕਾਲ ਕਾਲੇ' ਕਿਹਾ ਹੈ, ਭਾਵ, ਪ੍ਰਭੂ-ਪਰਮਾਤਮਾ। ਇਹ ਭਾਵ ਬਚਿਤ੍ਰ ਨਾਟਕ ਦੀ ਇਸ ਤੁਕ ਤੋਂ ਅਗਲੀਆਂ ਤੁਕਾਂ–"ਦ੍ਵੈ ਤੇ ਏਕ ਰੂਪ ਹ੍ਵੈ ਗਯੋ" ॥੩॥

"ਤਿਨ ਪ੍ਰਭ ਜਬ ਆਇਸ ਮੁਹਿ ਦੀਯਾ" ॥੪॥

ਤੇ– "ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ" ॥੫॥ [ਅਧਿ: ੬ ਤੋਂ ਸਪੱਸ਼ਟ ਹੋ ਜਾਂਦਾ ਹੈ।

ਇਹ ਹੀ ਭਾਵ ਭਾਈ ਗੁਰਦਾਸ (੨) ਦੀ ਤੁਕ–"ਗੁਰ ਸਿਮਰਿ ਮਨਾਈ ਕਾਲਕਾ" ਵਿਚ ਕਾਲਕਾ (ਕਾਲ ਦਾ ਵੀ ਕਾਲ ਕਰਨ ਵਾਲਾ) ਦਾ ਹੈ। ਇਸ ਨੂੰ ਇਸਤ੍ਰੀ-ਲਿੰਗ ਵਿਚ ਲਿਖਣ ਦਾ ਭਾਵ ਕੋਈ ਦੇਵੀ ਨਹੀਂ। ਪ੍ਰਭੂ-ਪਰਮਾਤਮਾ, ਜੋ ਨਿਰੰਕਾਰ ਹੈ, ਉਸ ਦਾ ਕੋਈ ਲਿੰਗ ਨਹੀਂ, ਉਸ ਨੂੰ ਕਿਸੇ ਵੀ ਰੂਪ ਵਿਚ ਬਿਆਨਿਆ ਜਾ ਸਕਦਾ ਹੈ। ਜਿਵੇਂ– ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" (ਪੰਨਾ ੧੦੩)
ਵਿਚ 'ਮਾਤ' ਸ਼ਬਦ ਨਾਲ ਸੰਬੰਧਕ 'ਮੇਰਾ' ਵਰਤਿਆ ਹੈ, ਭਾਵੇਂ ਮਾਤਾ ਇਸਤ੍ਰੀ ਲਿੰਗ ਹੈ ਤੇ ਸੰਬੰਧਕ 'ਮੇਰਾ' ਕੇਵਲ ਪੁਲਿੰਗ ਨਾਲ ਲਿਖਿਆ ਜਾਂਦਾ ਹੈ।

ਇਸੇ ਤਰ੍ਹਾਂ ਭਗਉਤੀ ਕੀ ਵਾਰ ਵਿਚ–"ਪ੍ਰਿਥਮ ਭਗੌਤੀ ਸਿਮਰਿ ਕੈ" ਵਿਚ ਭਗੌਤੀ ਦਾ ਭਾਵ ਵੀ ਮਹਾਂਕਾਲ, ਭਾਵ, ਪ੍ਰਮਾਤਮਾ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਅਕਾਲ ਪੁਰਖ ਪਰਮਾਤਮਾ ਨੂੰ ਜਿਥੇ ਸਰਬ-ਕਾਲ ਕਹਿੰਦੇ ਹਨ, ਉਥੇ ਉਸ ਨੂੰ ਸਰਬ ਲੋਹ ਵੀ ਕਿਹਾ ਹੈ–

ਅਕਾਲ ਪੁਰਖ ਕੀ ਰਛਾ ਹਮਨੈ ॥ ਸਰਬ ਲੋਹ ਦੀ ਰਛਿਆ ਹਮਨੈ ॥
ਸਰਬ ਕਾਲ ਜੀ ਦੀ ਰਛਿਆ ਹਮਨੈ ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ॥
[ਅਰੰਭ ਅਕਾਲ ਉਸਤਤਿ

ਚੌਪਈ (ਮੈ ਨ ਗਨੇਸਹਿ ਪ੍ਰਿਥਮ ਮਨਾਊਂ) ਵਿਚ ਵੀ ਇਸੇ ਤਰ੍ਹਾਂ ਪਰਮਾਤਮਾ ਨੂੰ ਮਹਾਂ ਕਾਲ ਤੇ ਮਹਾ ਲੋਹ ਕਿਹਾ ਹੈ–



www.AKJ.Org

ਮਹਾ ਕਾਲ ਰਖਵਾਰ ਹਮਾਰੋ ॥ ਮਹਾ ਲੋਹ ਮੈਂ ਕਿੰਕਰ ਥਾਰੋ ॥੪੩੫॥ [ਕ੍ਰਿਸ਼ਨਾਵਤਾਰ

ਫਿਰ ਬਚਿਤ੍ਰ ਨਾਟਕ ਵਿਚ ਜਿਥੇ ਉਸ ਨੂੰ 'ਜਗ ਕਾਰਣ' ਤੇ 'ਸ੍ਰਿਸਟ ਉਬਾਰਣ' ਕਹਿ ਕੇ ਨਮਸਕਾਰ ਕੀਤੀ ਹੈ, ਉਥੇ ਉਸ ਨੂੰ 'ਤੇਗ' ਵੀ ਕਹਿ ਕੇ ਉਸ ਦੀ ਜੈ ਜੈ ਕਾਰ ਕੀਤੀ ਹੈ–

ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ ॥੨॥ [ਅਧਿ: ੧

ਖ਼ਿਆਲ ਰਹੇ ਕਿ ਤਲਵਾਰ ਦੇ ਅਰਥਾਂ ਵਿਚ 'ਤੇਗ' ਕਦੀ ਵੀ 'ਜਗ ਕਾਰਣ' ਤੇ 'ਸ੍ਰਿਸਟ ਉਬਾਰਣ' ਨਹੀਂ ਹੋ ਸਕਦੀ। ਇਥੇ ਤੇਗ ਮਹਾਂ ਕਾਲ ਦੇ ਅਰਥਾਂ ਵਿਚ ਪ੍ਰਭੂ-ਪਰਮਾਤਮਾ ਹੀ ਹੈ। ਇਸੇ ਤਰ੍ਹਾਂ ਬਚਿਤ੍ਰ ਨਾਟਕ ਵਿਚ ਕਈ ਜਗ੍ਹਾ ਉਤੇ ਪਰਮਾਤਮਾ ਨੂੰ ਖੰਡਾ ਤੇ ਖੜਗ ਵੀ ਕਿਹਾ ਹੈ। ਮੌਤ ਸਭ ਤੋਂ ਵਧ ਤਾਕਤਵਰ ਸ਼ਕਤੀ ਮੰਨੀ ਗਈ ਹੈ ਤੇ ਇਸ ਦਾ ਅਧਿਕਾਰ ਕੇਵਲ ਪਰਮਾਤਮਾ ਨੂੰ ਹੀ ਹੈ। ਇਹ ਉਸੇ ਦਾ ਹੀ ਲਕਸ਼ ਹੈ। ਇਸ ਲਈ ਉਹ ਪਰਮਾਤਮਾ ਨੂੰ 'ਮਹਾਂ ਕਾਲ' ਤੇ 'ਮਹਾਂ ਕਾਲ ਕਾਲੇ' ਕਹਿ ਕੇ ਸੰਬੋਧਨ ਕਰਦੇ ਹਨ।

ਫਿਰ ਪਰਮਾਤਮਾ ਨੂੰ 'ਮਹਾਂ ਲੋਹ' ਤੇ 'ਸਰਬ ਲੋਹ' ਕਹਿਣ ਦਾ ਭਾਵ ਉਸ ਦੀ ਦ੍ਰਿੜ੍ਹਤਾ ਤੇ ਉਸ ਦੇ ਹੁਕਮ ਦੀ ਅਚੁਕ ਅਟੱਲਤਾ ਵਲ ਸੰਕੇਤ ਹੈ। ਸਰਬ ਲੋਹ (STEEL) ਇਸੇ ਦ੍ਰਿੜ੍ਹਤਾ ਤੇ ਅਚੁਕ ਅਟੱਲਤਾ ਦਾ ਪ੍ਰਤੀਕ ਹੈ। ਇਸ ਬਾਰੇ ਐਡਮੋਂਡ ਕੈਂਡਲਰ ਆਪਣੀ ਪੁਸਤਕ 'ਮੈਂਟਲ ਆਫ਼ ਦੀ ਈਸਟ' ਵਿਚ ਲਿਖਦੇ ਹਨ–

"For all material things which genius has inspired with spiritual significance steel is the truest and most uncompromising"
(Edmond Candler : The Mantle of the East, p. 120-21

ਇਸ ਤਰ੍ਹਾਂ ਖੰਡੇ, ਖੜਗ, ਤੇਗ ਜਾਂ ਭਗੌਤੀ ਵਿਚ ਪਰਮਾਤਮਾ ਦੇ ਮਹਾਂ ਕਾਲ ਤੇ ਸਰਬ ਲੋਹ, ਭਾਵ 'ਅਕਾਲ ਮੂਰਤਿ' ਤੇ 'ਅਚੁਕ ਤੇ ਅਟੱਲ ਦ੍ਰਿੜ੍ਹਤਾ' ਦੋਵੇਂ ਲਕਸ਼ ਜੁੜ ਜਾਂਦੇ ਹਨ ਤੇ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਪਰਮਾਤਮਾ ਦੇ ਇਨ੍ਹਾਂ ਦੋਨਾਂ ਲਕਸ਼ਾਂ ਦੇ ਇਕੱਠ ਦੇ ਪ੍ਰਤੀਕ ਵਜੋਂ ਵਰਤਿਆ ਹੈ। ਸਪੱਸ਼ਟ ਹੀ 'ਪ੍ਰਿਥਮ ਭਗੌਤੀ ਸਿਮਰਿ ਕੈ' ਵਿਚ ਭਗੌਤੀ ਦਾ ਭਾਵ ਕੋਈ ਦੇਵੀ ਨਹੀਂ, ਸਗੋਂ ਅਕਾਲ ਮੂਰਤਿ ਤੇ ਅਟੱਲ ਪਰਮਾਤਮਾ ਹੈ।

ਇਨ੍ਹਾਂ ਨੂੰ ਪ੍ਰਭੂ-ਪਰਮਾਤਮਾ ਦੇ ਪ੍ਰਤੀਕ ਵਜੋਂ ਵਰਤਣ ਦਾ ਮੰਤਵ ਸਿੱਖਾਂ ਵਿਚ ਸਿਪਾਹੀ ਦੀ ਰੁਚੀ ਪੈਦਾ ਕਰਨ ਲਈ, ਇਕ ਪਾਸੇ ਉਨ੍ਹਾਂ ਵਿਚੋਂ ਮੌਤ ਦਾ ਡਰ ਦੂਰ ਕਰਨ ਤੇ ਦੂਸਰੇ ਪਾਸੇ ਖੰਡੇ, ਖੜਗ ਤੇ ਤੇਗ, ਜਿਸ ਨੂੰ ਭਗੌਤੀ ਵੀ ਆਖਦੇ ਸਨ, ਨਾਲ ਪਿਆਰ ਪੈਦਾ ਕਰਨਾ ਸੀ। ਇਸ ਢੰਗ ਨਾਲ ਹੀ ਪ੍ਰਭੂ-ਪਿਆਰ ਵਿਚ ਗੁੱਧਾ ਹੋਇਆ ਸੰਤ, ਭਗਤੀ ਦੁਆਰਾ ਹਾਸਲ ਕੀਤੀ, ਪ੍ਰਭੂ ਨਾਲ ਇਕ-ਮਿਕ ਹੋਣ ਨਾਲ ਉਸ ਦੀ ਇਸ ਪ੍ਰਤੀਕ ਵਿਚ ਜੁੜੀ ਦੂਹਰੀ ਸ਼ਕਤੀ ਗ੍ਰਹਿਣ ਕਰ ਕੇ ਸਿਪਾਹੀ ਬਣ ਸਕਦਾ ਸੀ।

ਦਸਮ ਗ੍ਰੰਥ ਵਿਚ ਚੰਡੀ ਚਰਿਤ੍ਰ ਪਹਿਲਾ, ਚੰਡੀ ਚਰਿਤ੍ਰ ਦੂਜਾ ਤੇ ਵਾਰ ਸ੍ਰੀ ਭਗਉਤੀ ਜੀ ਵਿਚ ਦੁਰਗਾ (ਚੰਡਿਕਾ, ਅੰਬਿਕਾ, ਕਾਲਕਾ, ਭਵਾਨੀ) ਦੇਵੀ ਦੀ ਉਸਤਤਿ, ਵਡਿਆਈ ਤੇ ਚੜ੍ਹਤਲ ਤਕਰੀਬਨ ਹਰ ਛੰਦ ਤੇ ਵਾਰ ਦੀ ਹਰ ਪੌੜੀ ਵਿਚ ਮਿਲਦੀ ਹੈ। ਕਈ ਜਗ੍ਹਾ ਉਤੇ ਇਸ ਨੂੰ ਮਹਾਂ ਮਈਆ ਵੀ ਕਿਹਾ ਹੈ। ਕੁਝ ਲੋਕ ਇਨ੍ਹਾਂ ਛੰਦਾਂ ਤੇ ਪੌੜੀਆਂ ਨੂੰ ਪ੍ਰਮਾਣ ਵਜੋਂ ਵਰਤ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ ਦਾ ਪੁਜਾਰੀ ਤੇ ਉਪਾਸ਼ਕ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਵਿਚੋਂ ਵੰਨਗੀ ਦੇ ਤੌਰ ਉਤੇ ਕੁਝ ਛੰਦ ਹੇਠਾਂ ਦਰਜ ਕੀਤੇ ਜਾਂਦੇ ਹਨ–

ਪਹਿਲਾ ਚੰਡੀ ਚਰਿਤ੍ਰ :

ਚੰਡਿ ਪ੍ਰਚੰਡਿ ਸੁ ਕੇਹਰਿ ਕਾਲਕਾ, ਅਉ ਸਕਤੀ ਮਿਲਿ ਜੁੱਧ ਕਰਿਓ ਹੈ ॥ (ਛੰਦ ਨੰ: ੨੦੯)

ਦੂਜਾ ਚੰਡੀ ਚਰਿਤ੍ਰ :

(ੳ) ਭਈ ਬਾਣ ਬਰਖਾ ॥ ਗਏ ਜੀਤ ਕਰਖਾ ॥ ਸਬੈ ਦੁਸਟ ਮਾਰੇ ॥ ਮਈਯਾ ਸੰਤ ਉਬਾਰੇ॥੩੨॥੧੫੪॥

(ਅ) ਨਮੋ ਜੋਗ ਜ੍ਵਾਲੰ ਧਰੀਯੰ ਜੁਆਲੰ ॥ ਨਮੋ ਸੁੰਭ ਹੰਤੀ, ਨਮੋ ਕ੍ਰੂਰ ਕਾਲੰ ॥
ਨਮੋ ਸ੍ਰੋਣ ਬੀਰਜਾਰਦ੍ਨੀ ਧੂਮ੍ਰ ਹੰਤੀ ॥ ਨਮੋ ਕਾਲਕਾ ਰੂਪ ਜੁਆਲਾ ਜਯੰਤੀ ॥੪॥੨੨੩॥

(ੲ) ਨਮੋ ਅੰਬਕਾ ਜੰਭਹਾ ਜੋਤਿ ਰੂਪਾ ॥ ਨਮੋ ਚੰਡ ਮੁੰਡਾਰਦਨੀ ਭੂਪਿ ਭੂਪਾ ॥



www.AKJ.Org

ਨਮੋ ਚਾਮਰੰ ਚੀਰਣੀ ਚਿੱਤ੍ਰ ਰੂਪੰ॥ ਨਮੋ ਪਰਮ ਪ੍ਰਗਜਾ ਬਿਰਾਜੈ ਅਨੂਪੰ॥੫॥੨੨੪॥

ਵਾਰ ਸ੍ਰੀ ਭਗਉਤੀ ਜੀ :

ਦੁਰਗਾ ਬੈਣ ਸੁਣੰਦੀ ਹੱਸੀ ਹੜ ਹੜਾਇ ॥ ਓਹੀ ਸੀਹੁ ਮੰਗਾਇਆ ਰਾਖਸ ਭੱਖਣਾ ॥
ਚਿੰਤਾ ਕਰਹੁ ਨ ਕਾਈ ਦੇਵਾ ਨੂੰ ਆਖਿਆ ॥ ਰੋਹ ਹੋਈ ਮਹਾ ਮਾਈ ਰਾਕਸਿ ਮਾਰਣੇ ॥੫॥

(ਅ) ਆਹਰਿ ਮਿਲਿਆ ਆਹਰੀਆਂ ਸੈਣ ਸੂਰਿਆ ਸਾਜੀ ॥ ਚੱਲੇ ਸਉਹੇ ਦੁਰਗਸਾਹ ਜਣ ਕਾਬੈ ਹਾਜੀ ॥
ਤੀਰੀਂ ਤੇਗੀਂ ਜਮਧੜੀ ਰਣ ਵੰਡੀ ਭਾਜੀ ॥ ਇਕਿ ਘਾਇਲ ਘੂੰਮਨ ਸੂਰਮੇ ਜਣ ਮਕਤਬ ਕਾਜੀ ॥
ਇਕਿ ਬੀਰ ਪਰੋਤੇ ਪਰਛੀਏ ਜਿਉ ਝੁਕ ਪਉਨ ਨਿਵਾਜੀ ॥
ਇਕਿ ਦੁਰਗਾ ਸਉਹੇਂ ਖੁਨਸ ਕੈ ਖੁਨਸਾਇਨ ਤਾਜੀ ॥
ਇਕਿ ਧਾਵਨ ਦੁਰਗਾ ਸਾਮ੍ਹਣੇ ਜਿਉ ਭੁਖਿਆਏ ਪਾਜੀ॥ਕਦੇ ਨ ਰੱਜੇ ਜੁਝ ਤੇ ਰਜ ਹੋਏ ਰਾਜੀ॥੪੫॥

ਇਨ੍ਹਾਂ ਬਾਣੀਆਂ ਦੇ ਸੰਬੰਧ ਵਿਚ ਸਭ ਤੋਂ ਮਹੱਤਵ-ਪੂਰਨ ਤੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਦੋਵੇਂ ਚੰਡੀ ਚਰਿਤ ਤੇ ਸੀ ਭਗੌਤੀ ਕੀ ਵਾਰ, ਮਾਰਕੰਡੇ ਪੁਰਾਣ ਦੇ ਅਧਿਆਇ ੮੧ ਤੋਂ ੯੪ ਤਕ ਦਾ ਸੁਤੰਤਰ ਅਨੁਵਾਦ ਹਨ। (ਟਾਕਾ ਗਿਆਨਾ ਨਰਣ ਸਿੰਘ ਭੁਜੰਗਾਂ ਵਾਲੇ, ਪੰਨਾ ੪੬੪)। ਇਸ ਸੰਬੰਧ ਵਿਚ ਗੁਰੂ ਗੋਬਿੰਦ ਸਿੰਘ ਜੀ, ਚੰਡੀ ਚਰਿਤ੍ਰ ਪਹਿਲਾ ਦੇ ਛੇਵੇਂ ਸਵੈਯੇ ਵਿਚ ਫ਼ੁਰਮਾਂਦੇ ਹਨ–

ਭਾਖਾ ਸੁਭ ਸਭ ਕਰਹੋਂ ਧਰਿ ਹੋਂ ਕ੍ਰਿਤ ਮੈ ॥ ਅਦਭੁਤ ਕਥਾ ਅਪਾਰ ਸਮਝ ਕਰਿ ਚਿੱਤ ਮੈ ॥

ਜਿਸ ਦਾ ਭਾਵ ਇਹ ਹੈ ਕਿ ਸੰਸਕ੍ਰਿਤ ਵਿਚ ਲਿਖੀ ਇਸ ਕਥਾ ਨੂੰ ਅਦਭੁਤ ਸਮਝ ਕੇ, ਇਸ ਦਾ ਸੋਹਣੀ ਦੇਸ਼ ਬੋਲੀ ਵਿਚ ਅਨੁਵਾਦ ਕਵਿਤਾ ਵਿਚ ਕੀਤਾ ਜਾਂਦਾ ਹੈ (ਤਾਕਿ ਆਮ ਲੋਕ ਜੋ ਸੰਸਕ੍ਰਿਤ ਨੂੰ ਨਹੀਂ ਸਮਝਦੇ, ਇਸ ਨੂੰ ਸਮਝ ਸਕਣ )।

ਦੂਹਰੀ ਮਹੱਤਵ-ਪੂਰਨ ਗੱਲ ਇਹ ਹੈ, ਕਿ ਇਹ ਬੜੇ ਸਪੱਸ਼ਟ ਤੇ ਪ੍ਰਤੱਖ ਰੂਪ ਵਿਚ ਦੇਖ ਲੈਣਾ ਚਾਹੀਦਾ ਹੈ ਕਿ ਗੁਰੂ ਗੋਬਿੰਦ ਸਿੰਘ ਚੰਡੀ ਚਰਿਤ੍ਰ ਪਹਿਲਾ ਦੇ ਅਰੰਭ ਵਿਚ ਹੀ, ਅਕਾਲ ਪੁਰਖ ਦੇ ਮੰਗਲਾਚਰਨ ਵਾਲੇ ਸਵੈਯੇ ਤੋਂ ਪਿਛੋਂ, ਦੂਸਰੇ ਸਵੱਯੇ ਵਿਚ ਪਰਮਾਤਮਾ ਨੂੰ ਸੰਬੋਧਨ ਕਰ ਕੇ ਆਖਦੇ ਹਨ–

ਤਾਰਨ ਲੋਕ ਉਧਾਰਨ ਭੂਮਹਿ ਦੈਤ ਸੰਘਾਰਨ ਚੰਡ ਤੁਹੀ ਹੈ ॥
ਕਾਰਨ ਈਸ ਕਲਾ ਕਮਲਾ ਹਰਿ ਅਦ੍ਰਿਸੁਤਾ ਜਹ ਦੇਖੋਂ ਉਹੀ ਹੈ ॥੪॥

ਜਿਸ ਦਾ ਭਾਵ ਹੈ, ਧਰਤੀ ਉਤੇ ਲੋਕਾਂ ਨੂੰ ਤਾਰਨ ਤੇ ਉਹਨਾਂ ਦਾ ਉਧਾਰ ਕਰਨ ਲਈ ਦੈਂਤਾਂ ਨੂੰ ਸੰਘਾਰਨ ਵਾਲਾ 'ਚੰਡ' (ਤੇਜ ਪ੍ਰਤਾਪ) ਤੂੰ ਹੀ ਹੈਂ; ਵਿਸ਼ਨੂੰ, ਮਹੇਸ਼ ਲਛਮੀ (ਕਮਲਾ) ਤੇ ਪਹਾੜ ਦੀ ਦੇਵੀ (ਅਦ੍ਰਿਸੁਤਾ) ਸ਼ਕਤੀ ਭੀ ਤੂੰ ਹੀ ਹੈਂ।

ਦੁਰਗਾ (ਚੰਡਕਾ, ਭਗੌਤੀ, ਕਾਲੀ, ਭਵਾਨੀ) ਨੂੰ ਪਹਾੜਾਂ ਦੀ ਦੇਵੀ ਕਿਹਾ ਜਾਂਦਾ ਹੈ ਅਤੇ ਸ਼ਿਵਾਲਕ, ਹਿਮਾਲੀਆ ਦੀ ਪੱਬੀ ਤੇ ਤਰਾਈ ਦੇ ਇਲਾਕੇ ਨੂੰ ਮਾੜਾ ਦਾ ਖੇਤਰ ਆਖਿਆ ਜਾਂਦਾ ਹੈ।

ਇਸੇ ਤਰ੍ਹਾਂ ਵਾਰ ਸ੍ਰੀ ਭਗਉਤੀ ਜੀ ਕੀ ਵਿਚ ਵੀ ਮੰਗਲਾਚਰਨ ਵਾਲੀ ਪਹਿਲੀ ਪੌੜੀ ਤੋਂ ਪਿਛੋਂ ਦੂਸਰੀ ਪੌੜੀ ਵਿਚ ਗੁਰੂ ਜੀ ਪਰਮਾਤਮਾ ਨੂੰ ਸੰਬੋਧਨ ਕਰ ਕੇ ਲਿਖਦੇ ਹਨ–

ਤੈ ਹੀ ਦੁਰਗਾ ਸਾਜਿ ਕੈ, ਦੈਤਾ ਦਾ ਨਾਸੁ ਕਰਾਇਆ ॥੨॥

ਜਿਸ ਤੋਂ ਪ੍ਰਤਖ ਜ਼ਾਹਿਰ ਹੈ ਕਿ ਉਹ ਦੇਵੀ ਦੁਰਗਾ ਦੇ ਪੁਜਾਰੀ ਨਹੀਂ ਸਨ, ਸਗੋਂ ਉਸ ਸਿਰਜਣਹਾਰ ਦੇ ਪੁਜਾਰੀ ਸਨ ਜਿਸ ਨੇ ਦੁਰਗਾ ਨੂੰ ਸਾਜਿਆ ਸੀ, ਉਸੇ ਸਿਰਜਨਹਾਰ ਨੂੰ ਹੀ 'ਭਗਉਤੀ' ਕਿਹਾ ਹੈ।

ਹੁਣ ਇਨ੍ਹਾਂ ਬਾਣੀਆਂ ਦੇ ਪ੍ਰਸੰਗ ਤੇ ਪ੍ਰਸਥਿਤੀ ਵਲ ਆਵੀਏ। ਸਭ ਤੋਂ ਜ਼ਰੂਰੀ ਸਵਾਲ ਇਹ ਹੈ ਕਿ ਮਾਰਕੰਡੇ ਪੁਰਾਣ ਵਿਚੋਂ ਇਹ ਕਥਾ ਅਨੁਵਾਦ ਕਰਨ ਦੀ ਕੀ ਲੋੜ ਸੀ ? ਇਸ ਦੀ ਕੀ ਅਹਿਮੀਅਤ ਸੀ ?

ਗੁਰੂ ਗੋਬਿੰਦ ਸਿੰਘ ਜੀ ਆਪਣੇ ਜੀਵਨ-ਉਦੇਸ਼ ਬਾਰੇ ਬਚਿਤ੍ਰ ਨਾਟਕ ਵਿਚ ਲਿਖਦੇ ਹਨ–



www.AKJ.Org

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥ (ਅਧਿ: ੬)

ਗੁਰੂ ਗੋਬਿੰਦ ਸਿੰਘ ਜੀ ਦੇ ਜ਼ਮਾਨੇ ਤੋਂ ਪਹਿਲਾਂ ਛੇ ਸਤ ਸੌ ਸਾਲ ਦੇ ਲਗਾਤਾਰ ਇਸਲਾਮੀ ਹਮਲਿਆਂ, ਲੁਟ-ਮਾਰ, ਸਾੜ-ਫੂਕ, ਤਬਾਹੀ, ਬਰਬਾਦੀ, ਕਤਲੋ-ਗਾਰਤ ਤੇ ਤੀਵੀਆਂ ਦੀ ਬੇਹੁਰਮਤੀ ਕਾਰਨ ਅਤੇ ਇਸਲਾਮੀ ਰਾਜ-ਸਤਿਆ ਦੀਆਂ ਹਿੰਦੂਆਂ ਵਿਰੁੱਧ, ਅਤਿ ਦਰਜੇ ਦੀਆਂ ਕੱਟੜ-ਪੰਥੀ ਨੀਤੀਆਂ, ਇਨ੍ਹਾਂ ਦੇ ਧਾਰਮਿਕ ਇਸ਼ਟਾਂ ਦੀ ਨਿਰਾਦਰੀ ਤੇ ਇਨ੍ਹਾਂ ਉਤੇ ਨਿੱਤ ਲਗਦੀਆਂ ਧਾਰਮਿਕ ਪਾਬੰਦੀਆਂ ਕਾਰਨ, ਇਨ੍ਹਾਂ ਲੋਕਾਂ ਦੀ ਜ਼ਮੀਰ ਕੁਚਲੀ ਜਾ ਰਹੀ ਸੀ। ਔਰੰਗਜ਼ੇਬ ਦੇ ਜ਼ਮਾਨੇ ਵਿਚ ਹਿੰਦੂਆਂ ਦੇ ਖਿਲਾਫ਼ ਇਸ ਕੱਟੜ-ਪੰਥੀ ਨੀਤੀ ਦੀ ਤੂੰਦੀ ਇੰਨੀ ਵਧ ਗਈ ਸੀ ਕਿ ਇਨ੍ਹਾਂ ਦਾ ਧਰਮ, ਸਭਿਆਚਾਰ ਤੇ ਸਭਿਆਚਾਰਕ ਵਿਰਸਾ ਤਬਾਹ ਕੀਤਾ ਜਾ ਰਿਹਾ ਸੀ। ਹਿੰਦੂ ਜਨਤਾ ਉਤੇ ਮੁਕੰਮਲ ਦਹਿਸ਼ਤ ਤੇ ਰਾਕਸ਼ਪੁਣੇ ਦਾ ਦੌਰ-ਦੌਰਾ ਸੀ।

ਧਰਮ ਨੂੰ ਮੁੜ ਆਪਣੇ ਪੈਰਾਂ ਉਤੇ ਖੜਾ ਕਰਨ ਲਈ ਜਿਵੇਂ ਉਪਰਲੀਆਂ ਸਤਰਾਂ ਵਿਚੋਂ ਪ੍ਰਗਟ ਹੈ 'ਧਰਮ ਚਲਾਵਨ' ਤੇ 'ਦੁਸ਼ਟ ਉਪਾਰਨ' ਦਾ ਦੂਹਰਾ ਪ੍ਰੋਗਰਾਮ ਚਾਲੂ ਕਰਨ ਦੀ ਲੋੜ ਸੀ। ਇਕ ਪਾਸੇ ਤਾਂ ਲੋਕਾਂ ਦੇ ਆਪਣੇ ਧਰਮ ਤੇ ਸਭਿਆਚਾਰਕ ਵਿਰਸੇ ਦੀ ਅਮੀਰੀ ਵਿਚ ਵਿਸ਼ਵਾਸ ਦ੍ਰਿੜ੍ਹ ਕਰਨ ਤੇ ਦੂਸਰੇ ਪਾਸੇ ਉਨ੍ਹਾਂ ਵਿਚ ਜੰਗੀ ਮਨੋਬਿਰਤੀ ਤੇ ਸਾਹਸ ਪੈਦਾ ਕਰਨ ਦੀ ਲੋੜ ਸੀ।

ਇਥੇ ਇਹ ਗੱਲ ਕਹਿਣੀ ਕੁਥਾਂ ਨਹੀਂ ਹੋਵੇਗੀ ਕਿ ਖਤਰੀ ਤੇ ਰਾਜਪੂਤ, ਜੋ ਜ਼ਾਤ-ਪਾਤੀ ਵੰਡ ਅਨੁਸਾਰ ਦੇਸ਼ ਤੇ ਕੌਮ ਦਾ ਬਾਹੂ-ਬਲ ਬਣਾਏ ਗਏ ਸਨ, ਨਕਾਰਾ, ਸਤਹੀਣ ਤੇ ਬੇ-ਅਣਖੇ ਹੋ ਚੁਕੇ ਸਨ। ਖਤਰੀਆਂ ਨੂੰ ਕਈ ਸਦੀਆਂ ਤੋਂ ਸਿਪਾਹ-ਗਿਰੀ ਤੇ ਫ਼ੌਜ ਵਿਚ ਨੌਕਰੀ ਤੋਂ ਵਿਰਵਿਆਂ ਰੱਖਣ ਕਾਰਨ, ਉਨ੍ਹਾਂ ਵਿਚੋਂ ਜੰਗੀ ਮਨੋ-ਬਿਰਤੀ ਖ਼ਤਮ ਹੋ ਚੁਕੀ ਸੀ ਤੇ ਉਨ੍ਹਾਂ ਨੇ ਮੁਨਸ਼ੀ ਮੁਸੱਦੀ, ਪਟਵਾਰ ਤੇ ਦੀਵਾਨੀ ਆਦਿ ਨੌਕਰੀਆਂ ਜਾਂ ਮਾਮੂਲੀ ਦੁਕਾਨਦਾਰੀ ਪੇਸ਼ਾ ਅਪਣਾਅ ਲਿਆ ਸੀ। ਰਾਜਪੂਤ ਆਪਣੀਆਂ ਲੜਕੀਆਂ ਮੁਗ਼ਲ ਹਾਕਮਾਂ ਤੇ ਅਫ਼ਸਰਾਂ ਨਾਲ ਵਿਆਹ ਕੇ, ਰਾਜ-ਸਤਿਆ ਦੀ ਖ਼ੁਸ਼ਨੂਦੀ ਹਾਸਲ ਕਰਨ ਵਿਚ ਫ਼ਖਰ ਸਮਝਦੇ ਸਨ। ਪਹਾੜੀ ਰਾਜੇ ਬਾਜਗੁਜ਼ਾਰ ਬਣ ਕੇ ਰਹਿਣ ਵਿਚ ਮਸ਼ਲਹਤ ਸਮਝਦੇ ਸਨ। ਜੇ ਰਾਜਪੂਤ ਰਾਜਾ ਜੈ ਸਿੰਘ ਮਿਰਜ਼ਾ ਅਖਵਾਣ ਵਿਚ ਤੇ ਪਹਾੜੀ ਰਾਜਪੂਤ ਮੀਏਂ ਅਖ਼ਵਾਣ ਵਿਚ ਫ਼ਖਰ ਸਮਝਣ ਤਾਂ ਇਨ੍ਹਾਂ ਤੋਂ ਧਰਮ ਤੇ ਸਭਿਆਚਾਰ ਬਚਾਣ ਦੀ ਕੀ ਆਸ ਹੋ ਸਕਦੀ ਸੀ? ਐਸੀ ਹਾਲਤ ਵਿਚ ਆਮ ਜਨਤਾ, ਜੋ ਖ਼ਾਸ ਕਰਕੇ ਜ਼ੁਲਮ ਦੀ ਤੂੰਦੀ ਹੇਠਾਂ ਪਿਸ ਰਹੀ ਸੀ, ਨੂੰ ਆਪਣੇ ਅਣਖ, ਰੋਜ਼ਗਾਰ, ਘਰ, ਕੁੰਭੇ, ਧਰਮ, ਤੇ ਸਭਿਆਚਾਰ ਨੂੰ ਬਚਾਣ ਲਈ ਖੜਾ ਕਰਨ ਦੀ ਲੋੜ ਸੀ। ਹਿੰਦੁ-ਸਤਾਨੀ ਧਾਰਮਿਕ ਤੇ ਸਭਿਆਚਾਰਕ ਵਿਰਸਾ ਸੰਸਕ੍ਰਿਤ ਵਿਚ ਹੋਣ ਕਰਕੇ, ਆਮ ਜਨਤਾ ਦੀ ਪਹੁੰਚ ਤੇ ਪਕੜ ਤੋਂ ਬਾਹਰ ਸੀ। ਉਨ੍ਹਾਂ ਦਾ ਇਸ ਨਾਲ ਪਿਆਰ ਤੇ ਇਸ ਵਿਚ ਵਿਸ਼ਵਾਸ ਤਦ ਹੀ ਹੋ ਸਕਦਾ ਸੀ ਜੇਕਰ ਉਹ ਇਸ ਨੂੰ ਸਮਝ ਸਕਣ, ਇਸ ਨੂੰ ਅਪਣਾਅ ਸਕਣ। ਇਸ ਵਿਰਸੇ ਨੂੰ ਵੀ ਲੋਕਾਂ ਨੇੜੇ ਲਿਆਉਣ ਦੀ ਲੋੜ ਸੀ।

ਇਹ ਯਾਦ ਰਖਣਾ ਚਾਹੀਦਾ ਹੈ ਕਿ ਧਰਮ ਦਾ ਵਾਸਾ ਜ਼ਮੀਰ ਵਿਚ ਹੁੰਦਾ ਹੈ। ਖ਼ਰੀਦੀ ਹੋਈ ਜਾਂ ਕੁਚਲੀ ਹੋਈ ਤੇ ਮੁਰਦਾ ਜ਼ਮੀਰ ਦਾ ਕੋਈ ਧਰਮ ਨਹੀਂ ਹੁੰਦਾ। ਪਰ ਜੇ ਜ਼ਮੀਰ ਬਾਹਰਲੇ ਦਬਾਉ ਜਾਂ ਲਾਲਚ ਤੋਂ ਨਿਰਲੇਪ ਤੇ ਆਜ਼ਾਦ ਹੋ ਜਾਵੇ ਤਾਂ ਧਰਮ ਬਚ ਜਾਂਦਾ ਹੈ, ਕਿਉਂਕਿ ਆਜ਼ਾਦ ਤੇ ਨਿਰਲੇਪ ਜ਼ਮੀਰ ਵਿਚ ਹੀ ਦਲੇਰੀ, ਸਾਹਸ ਤੇ ਵਿਸ਼ਵਾਸ ਦੀ ਦ੍ਰਿੜ੍ਹਤਾ ਪੈਦਾ ਹੋ ਸਕਦੇ ਹਨ, ਤੇ ਇਹ ਹੀ ਅਣਖ ਦਾ ਆਧਾਰ ਬਣ ਜਾਂਦਾ ਹੈ। ਇਸ ਲਈ 'ਧਰਮ ਚਲਾਵਨ' ਲਈ, ਜ਼ਮੀਰ ਨੂੰ ਦਬਾ ਕੇ ਜਾਂ ਲਾਲਚ ਦੇ ਕੇ ਗੁਲਾਮ ਰੱਖਣ ਵਾਲੇ ਦੁਸ਼ਟ ਨੂੰ ਉਪਾਰਨ ਦੀ ਲੋੜ ਹੁੰਦੀ ਹੈ।

ਇਸ "ਧਰਮ ਚਲਾਵਨ" ਤੇ "ਦੁਸਟ ਉਪਾਰਨ" ਦੇ ਦੂਹਰੇ ਪ੍ਰੋਗਰਾਮ ਨੂੰ ਮੁਖ ਰੱਖ ਕੇ ਗੁਰੂ ਸਾਹਿਬ ਨੇ ਪੁਰਾਤਨ ਹਿੰਦੂ ਗਾਥਾਵਾਂ, ਜਿਵੇਂ ਰਾਮਾਇਣ, ਮਹਾਂਭਾਰਤ ਤੇ ਪੁਰਾਣਾਂ, ਖ਼ਾਸ ਕਰਕੇ ਮਾਰਕੰਡੇ ਪੁਰਾਣ ਵਿਚ ਦੇਵੀ ਭਗਉਤੀ ਦੀ ਦੈਂਤਾਂ, ਦਾਨਵਾਂ ਤੇ ਰਾਕਸ਼ਾਂ ਨਾਲ ਲੜਾਈ ਦੀ ਗਾਥਾ ਨੂੰ ਸੰਸਕ੍ਰਿਤ ਵਿਚੋਂ, ਲੋਕ-ਬੋਲੀ ਵਿਚ ਖੁਲ੍ਹਾ


www.AKJ.Org

ਅਨੁਵਾਦ ਕੀਤਾ। ਇਨ੍ਹਾਂ ਵਿਚ ਧਰਮ ਤੇ ਅਣਖ ਬਚਾਣ ਖ਼ਾਤਰ, ਅਧਰਮੀਆਂ–ਰਾਵਨ, ਕੰਸ, ਕੌਰੂਆਂ ਤੇ ਮਹਿਖਾਸਰ ਵਰਗੇ ਦੈਂਤਾਂ ਨਾਲ ਜ਼ਬਰਦਸਤ ਲੜਾਈਆਂ ਉਪ੍ਰੰਤ ਧਰਮ ਦੀ ਫ਼ਤਹ ਦਾ ਵਰਣਨ ਸੀ। ਇਨ੍ਹਾਂ ਦੇ ਮੁੱਖ ਨਾਇਕਾਂ, ਰਾਮ, ਕ੍ਰਿਸ਼ਨ, ਚੰਡੀ ਤੇ ਦੁਰਗਾ ਨੂੰ ਲੋਕ ਧਾਰਮਿਕ-ਇਸ਼ਟ ਅਵਤਾਰਾਂ, ਦੇਵਤਿਆਂ ਤੇ ਦੇਵੀਆਂ ਦਾ ਰੂਪ ਜਾਣਦੇ ਸਨ। ਚੂੰਕਿ ਕਟੜ-ਪੰਥੀ ਇਸਲਾਮੀ ਹਾਕਮ ਹਿੰਦੂਆਂ ਦਾ ਨੈਤਿਕ ਪਤਨ ਕਰਨ ਲਈ, ਉਨ੍ਹਾਂ ਦੀ ਜ਼ਮੀਰ ਕੁਚਲਣ ਲਈ, ਇਨ੍ਹਾਂ ਦਾ ਨਿਰਾਦਰ ਕਰਦੇ ਸਨ ਤੇ ਇਨ੍ਹਾਂ ਨੂੰ ਧਾਰਮਿਕ ਵਿਸ਼ਵਾਸ ਦੇ ਨਾਕਾਬਲ ਦਿਖਾਂਦੇ ਤੇ ਜਿਤਲਾਂਦੇ ਸਨ, ਇਸ ਲਈ ਗੁਰੂ ਸਾਹਿਬ ਨੇ ਇਨ੍ਹਾਂ ਲੋਕਾਂ ਦੇ ਆਪਣੇ ਹੀ ਧਰਮ ਵਿਚ ਵਿਸ਼ਵਾਸ ਦ੍ਰਿੜ੍ਹ ਕਰਨ ਲਈ, ਇਨ੍ਹਾਂ ਅਨੁਵਾਦਾਂ ਦੁਆਰਾ, ਇਨ੍ਹਾਂ ਦੀ ਚੜ੍ਹਤਲ ਤੇ ਵਡਿਆਈ ਉਭਾਰ ਕੇ ਸਾਹਮਣੇ ਲਿਆਂਦੀ ਹੈ ਤੇ ਇਨ੍ਹਾਂ ਦੇ ਹਥੋਂ ਅਧਰਮੀ ਦੈਂਤਾਂ ਤੇ ਰਾਖਸ਼ਾਂ–ਰਾਵਨ, ਕੰਸ, ਦਰਯੋਧਨ ਤੇ ਮਹਿਖਾਸਰ ਆਦਿ ਦਾ ਨਾਸ ਹੁੰਦਾ ਦਿਖਾ ਕੇ, ਲੋਕਾਂ ਵਿਚ ਇਨ੍ਹਾਂ ਪ੍ਰਤੀ ਧਾਰਮਿਕ ਵਿਸ਼ਵਾਸ ਤੇ ਸਾਹਸ ਪੈਦਾ ਕਰਨ ਦਾ ਯਤਨ ਕੀਤਾ ਹੈ।

ਲੋਕਾਂ ਵਿਚ ਜੰਗੀ ਮਨੋਬਿਰਤੀ ਤੇ ਸਾਹਸ ਪੈਦਾ ਕਰਨ ਲਈ ਇਨ੍ਹਾਂ ਗਾਥਾਵਾਂ ਦੇ ਮੁਖ ਨਾਇਕਾਂ ਜਾਂ ਨਾਇਕਾਵਾਂ ਨੂੰ ਬਾਕਾਇਦਾ ਜੰਗ ਵਿਚ ਜੂਝਦਿਆਂ, ਅਧਰਮੀ ਵੈਰੀਆਂ ਦੈਂਤਾਂ ਤੇ ਦੁਸ਼ਟਾਂ ਨੂੰ ਮਾਰਦਿਆਂ, ਉਨ੍ਹ ਦੇ ਆਹੂ ਲਾਹੁੰਦਿਆਂ ਤੇ ਉਨ੍ਹਾਂ ਨੂੰ ਪਛਾੜਦਿਆਂ ਦਿਖਾਇਆ ਹੈ। ਚੰਡੀ ਚਰਿਤ੍ਰ ਪਹਿਲਾ ਤੇ ਦੂਜਾ ਅਤੇ ਭਗਉਤੀ ਜੀ ਕੀ ਵਾਰ ਵਿਚ ਚੰਡੀ, ਅੰਬਿਕਾ, ਭਵਾਨੀ, ਦੁਰਗਾ ਨੂੰ ਧਰਮੀ ਦੇਵਤਿਆਂ ਦੀ ਅਗਵਾਈ ਕਰਦਿਆਂ, ਮਹਿਖਾਸੁਰ ਦੈਂਤ ਦੀ ਅਗਵਾਈ ਹੇਠਾਂ ਅਧਰਮੀ ਦੈਂਤਾਂ ਤੇ ਰਾਖਸ਼ਾਂ ਨਾਲ ਹੋਈਆਂ ਲਹੂ-ਵੀਟਵੀਆਂ ਜ਼ਬਰਦਸਤ ਲੜਾਈਆਂ ਦਾ ਤੇ ਅਧਰਮੀਆਂ ਦੇ ਇਨ੍ਹਾਂ ਲੜਾਈਆਂ ਵਿਚ ਨਾਸ ਹੋਣ ਦਾ ਵਰਨਣ ਹੈ। ਧਰਮ ਦੀ ਜਿੱਤ–

"ਸਬੈ ਦੁਸਟ ਮਾਰੇ ॥ ਮਈਆ ਸੰਤ ਉਬਾਰੇ" ॥੩੨॥੧੫੪॥ (ਦੂਜਾ ਚੰਡੀ ਚਰਿਤ੍ਰ)

ਦੁਆਰਾ ਦਿਖਾ ਕੇ, ਇਕ ਪਾਸੇ ਦੁਰਗਾ ਵਿਚ ਵਿਸ਼ਵਾਸ ਕਰਨ ਵਾਲੇ ਲੋਕਾਂ ਦਾ ਧਾਰਮਿਕ ਵਿਸ਼ਵਾਸ ਬਣਾਇਆ ਹੈ, ਦੂਸਰੇ ਪਾਸੇ ਉਨ੍ਹਾਂ ਵਿਚ ਜੰਗੀ-ਨਜ਼ਾਰਿਆਂ ਦੇ ਵਰਣਨ ਦੁਆਰਾ ਜੰਗੀ ਮਨੋਬਿਰਤੀ ਕਾਇਮ ਕਰਨ ਦਾ ਯਤਨ ਕੀਤਾ ਹੈ। ਇਸ ਉਦੇਸ਼ ਦਾ ਵਰਣਨ ਗੁਰੂ ਸਾਹਿਬ ਚੰਡੀ ਚਰਿਤ੍ਰ ਦੂਜਾ ਦੇ ਛੰਦ ਨੰ: ੨੬੦ ਵਿਚ ਕਰਦੇ ਹਨ— "ਸੁਨੈ ਸੂਮ ਸੋਫੀ ਲਰੈ ਜੁੱਧ ਗਾਢੇ"

ਭਾਵ, ਜੇ ਮਹਾਂ ਕਾਇਰ ਭੀ ਇਸ ਚਰਿਤ੍ਰ ਨੂੰ ਸੁਣੇਗਾ, ਉਸ ਵਿਚ ਬੀਰ-ਰਸ ਜਾਗੇਗਾ ਤੇ ਮਹਾਂ ਜੰਗ ਵਿਚ ਵੀ ਅੱਗੇ ਹੋ ਕੇ ਜੰਮ ਕੇ ਲੜੇਗਾ।" (ਟੀਕਾ ਗਿਆਨੀ ਨਰੈਣ ਸਿੰਘ)

ਭਗਉਤੀ ਕੀ ਵਾਰ ਦੀ ਪੰਜਤਾਲਵੀਂ ਪੌੜੀ, ਜਿਸ ਦਾ ਪਾਠ ਉਪਰ ਦਿੱਤਾ ਗਿਆ ਹੈ, ਉਸ ਵਿਚ ਦੁਰਗਾ ਦੀ ਮਾਰ ਹੇਠਾਂ ਆਏ ਦੈਂਤਾਂ ਦੀ ਹਾਲਤ ਬਿਆਨ ਕਰਨ ਲਈ ਗੁਰੂ ਸਾਹਿਬ ਨੇ ਜੋ ਤਸ਼ਬੀਹਾਂ ਵਰਤੀਆਂ ਹਨ, ਉਨ੍ਹਾਂ ਵਿਚ ਹਾਜੀ, ਕਾਜੀ, ਨਮਾਜ਼ੀ ਆਦਿ ਸ਼ਬਦ ਵਰਤੇ ਹਨ। ਉਸ ਸਮੇਂ ਦੇ ਹਾਕਮ ਮੁਸਲਮਾਨ ਆਪਣੇ ਆਪ ਨੂੰ ਵੱਡੇ ਜੁਝਾਰੂ ਤੇ ਅਜਿੱਤ ਜ਼ਾਹਿਰ ਕਰਦੇ ਤੇ ਲੋਕਾਂ ਵਿਚ ਦੁਰਗਾ ਦੀ ਆਮ ਨਿਰਾਦਰੀ ਕਰਦੇ ਸਨ। ਦੁਰਗਾ ਹੱਥੋਂ ਦੈਂਤਾਂ ਨੂੰ ਪੈਂਦੀ ਮਾਰ ਵੇਲੇ ਦੈਂਤਾਂ ਦੀ ਹਾਲਤ ਇਨ੍ਹਾਂ ਤਸ਼ਬੀਹਾਂ ਨਾਲ ਦਿਖਾ ਕੇ ਗੁਰੂ ਜੀ ਨੇ ਜਿਥੇ ਦੁਰਗਾ ਦੀ ਵਡਿਆਈ ਸਥਾਪਤ ਕਰਨ ਦਾ ਉਪਰਾਲਾ ਕੀਤਾ, ਉਥੇ ਇਹ ਵੀ ਦੱਸਿਆ ਕਿ ਇਹ ਹਾਜੀ, ਕਾਜੀ ਤੇ ਨਮਾਜ਼ੀ ਲੋਕ ਵੀ ਆਮ ਲੋਕਾਂ ਵਾਂਗ ਹੀ ਮਾਰੇ ਤੇ ਭਜਾਏ ਜਾ ਸਕਦੇ ਹਨ, ਇਹ ਵੀ ਕੋਈ ਅਜਿੱਤ ਨਹੀਂ, ਇਨ੍ਹਾਂ ਵਿਚ ਵੀ ਆਮ ਕਾਇਰਾਂ ਵਰਗੀਆਂ ਕਮਜ਼ੋਰੀਆਂ ਹਨ। ਇਸ ਤਰ੍ਹਾਂ ਗੁਰੂ ਜੀ ਨੇ ਮਹਿਖਾਸੁਰ ਦੇ ਦੈਂਤਾਂ ਨੂੰ, ਉਸ ਜ਼ਮਾਨੇ ਦੇ ਰਾਜ-ਸਤਿਆ ਦੇ ਨਸ਼ੇ ਹੇਠ ਆਕੜੇ ਇਸਲਾਮੀ ਹਾਕਮ ਅਧਰਮੀਆਂ ਨਾਲ ਮਿਲਾ ਦਿੱਤਾ, ਤਾਕਿ ਲੋਕਾਂ ਵਿਚੋਂ ਇਨ੍ਹਾਂ ਪ੍ਰਤੀ ਬੈਠ ਚੁਕਾ ਡਰ ਦੂਰ ਹੋਵੇ।

ਚੰਡੀ ਚਰਿਤ੍ਰ ਦੂਜਾ ਵਿਚ ਛੰਦ ਨੰ: ੨੨੩ ਤੋਂ ੨੫੬ ਤੱਕ, ਜਿਨ੍ਹਾਂ ਵਿਚੋਂ ਦੋ ਛੰਦ ੨੨੩ ਤੇ ੨੨੪ ਨਮੂਨੇ ਵਜੋਂ ਉਪਰ ਦਿਤੇ ਗਏ ਹਨ, ਦੁਰਗਾ ਦੀ ਉਪਮਾ ਦੇ ਨਾਲ ਨਾਲ ਹਰ ਤੁਕ 'ਨਮੋ' ਸ਼ਬਦ ਨਾਲ ਸ਼ੁਰੂ ਹੁੰਦੀ ਹੈ। ਇਹ ਸਾਰੇ ਛੰਦ ਦੇਵਤਿਆਂ ਵਲੋਂ ਦੁਰਗਾ ਨੂੰ ਰੱਖਿਆ ਲਈ ਬੇਨਤੀ ਕਰਨ ਦੀ ਕਹਾਣੀ ਬਿਆਨ


www.AKJ.Org

ਕਰਦੇ ਹਨ। ਤੇ 'ਨਮੋ' ਸ਼ਬਦ ਦੇਵਤਿਆਂ ਵਲੋਂ ਦੁਰਗਾ ਪ੍ਰਤੀ ਵਰਤਿਆ ਗਿਆ ਹੈ, ਗੁਰੂ ਜੀ ਆਪੂੰ ਤਾਂ ਕੇਵਲ ਸਰਬ-ਪਾਲਕ, ਸਰਬ-ਘਾਲਕ ਪਰਮਾਤਮਾ ਨੂੰ ਹੀ ਨਮਸਕਾਰ ਕਰਦੇ ਹਨ–

ਨਮਸਕਾਰ ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥੧੦॥ (ਬੇਨਤੀ ਚੌਪਈ)

ਫਿਰ– ਨਮੋ ਸਰਬ ਕਰਤਾ ॥ ਨਮੋ ਸਰਬ ਹੰਰਤਾ ॥੨੭॥ (ਜਾਪੁ ਸਾਹਿਬ)

ਦੁਰਗਾ, ਰਾਮ ਤੇ ਕ੍ਰਿਸ਼ਨ ਆਦਿ ਤਾਂ ਉਸ ਦੇ ਸਾਜੇ ਹੋਏ ਹਨ ਤੇ ਉਸ ਦੇ ਹੁਕਮ ਅਨੁਸਾਰ ਚਲਦੇ ਹਨ।

ਯਾਦ ਰਹੇ ਕਿ ਇਹ ਤਿੰਨੇ ਹੀ ਬਾਣੀਆਂ ਚੰਡੀ ਚਰਿਤ੍ਰ ਪਹਿਲਾ, ਦੂਜਾ ਤੇ ਵਾਰ ਸ੍ਰੀ ਭਗਉਤੀ ਜੀ ਕੀ, ਮਾਰਕੰਡੇ ਪੁਰਾਣ ਅਨੁਸਾਰ ਮਿਥਿਹਾਸਕ ਲੜਾਈਆਂ ਦਾ ਵਰਣਨ ਹਨ। ਲੜਾਈ ਦੇ ਵਰਣਨ ਵਿਚ ਬਿਆਨ ਨੂੰ ਭਾਵ-ਪੂਰਤ ਤੇ ਅਸਰਦਾਰ ਬਣਾਉਣ ਲਈ ਵੇਰਵਾ ਦੇਣਾ ਹੁੰਦਾ ਹੈ, ਤਾਕਿ ਪਾਠਕ ਦਾ ਨਾਇਕ ਪ੍ਰਤੀ ਉਤਸ਼ਾਹ ਉਮਾਹ ਵਧ ਜਾਵੇ। ਖ਼ਾਸ ਕਰਕੇ ਵਾਰ ਵਿਚ ਉਸ ਦੀ ਬੀਰਤਾ, ਤੇ ਹੋਰ ਸਦਗੁਣ ਉਭਾਰ ਕੇ ਸਾਹਮਣੇ ਲਿਆਉਣੇ ਹੁੰਦੇ ਹਨ। ਇਹ ਵਾਰ-ਕਾਵਿ-ਰੂਪ ਦਾ ਜ਼ਰੂਰੀ ਲੱਛਣ ਹੈ। ਇਸ ਤੋਂ ਗੁਰੂ ਸਾਹਿਬ ਦਾ ਦੁਰਗਾ ਦੇ ਪੁਜਾਰੀ ਹੋਣ ਦਾ ਸਿੱਟਾ ਕੱਢਣਾ ਉਚਿਤ ਨਹੀਂ ਹੋਵੇਗਾ।

ਜਿਵੇਂ ਉਪਰ ਦੱਸਿਆ ਹੈ, ਗੁਰੂ ਸਾਹਿਬ ਤਾਂ ਕੇਵਲ ਇਕ ਅਕਾਲ ਪੁਰਖ ਦੇ ਪੁਜਾਰੀ ਸਨ। ਉਸ ਅਕਾਲ ਪੁਰਖ ਤੋਂ ਸਿਵਾਏ ਹੋਰ ਕਿਸੇ ਦੀ ਨਾ ਆਰਾਧਨਾ ਕਰਦੇ ਸਨ ਨਾ ਉਪਾਸ਼ਨਾ। ਪਰ, ਜੋ ਲੋਕ ਰਾਮ, ਕ੍ਰਿਸ਼ਨ, ਸ਼ਿਵ, ਵਿਸ਼ਨੂੰ, ਦੁਰਗਾ, ਭਵਾਨੀ, ਚੰਡਿਕਾ ਆਦਿ ਅਵਤਾਰਾਂ, ਦੇਵਤਿਆਂ ਜਾਂ ਦੇਵੀਆਂ ਵਿਚ ਵਿਸ਼ਵਾਸ ਰਖਦੇ ਸਨ ਤੇ ਇਹ ਉਨ੍ਹਾਂ ਦੇ ਧਰਮ ਦੇ ਇਸ਼ਟ ਸਨ, ਉਨ੍ਹਾਂ ਦੇ ਧਰਮ ਨੂੰ ਚਲਦਾ ਤੇ ਕਾਇਮ ਰੱਖਣ ਲਈ ਜ਼ਰੂਰੀ ਸੀ ਕਿ ਉਨ੍ਹਾਂ ਦਾ ਇਨ੍ਹਾਂ ਵਿਚ ਵਿਸ਼ਵਾਸ, ਜੋ ਜ਼ਾਲਮ ਹਕੂਮਤ ਦੇ ਜ਼ਬਰ ਹੇਠਾਂ ਕਿਰ ਰਿਹਾ ਸੀ, ਉਸ ਨੂੰ ਫਿਰ ਖੜਾ ਕੀਤਾ ਜਾਵੇ। ਧਰਮ ਲਿਆਂਦਾ ਜਾਵੇ। ਇਹ ਕੰਮ ਤਾਂ ਔਰੰਗਜ਼ੇਬ ਤੇ ਉਸ ਦੀ ਕਟੜ-ਪੰਥੀ ਹਕੂਮਤ ਕਰ ਰਹੀ ਸੀ। ਚਲਾਵਨ ਦਾ ਭਾਵ ਇਹ ਨਹੀਂ ਕਿ ਕਿਸੇ ਦਾ ਧਰਮ ਬਦਲ ਕੇ ਉਸ ਨੂੰ ਆਪਣੇ ਧਰਮ ਵਿਚ ਚਲਾਵਨ। ਧਰਮ ਚਲਾਵਨ ਦਾ ਭਾਵ ਤਾਂ ਲੋਕਾਂ ਦੀ ਜ਼ਮੀਰ ਨੂੰ ਆਜ਼ਾਦ ਕਰਨਾ ਹੈ, ਤਾਂਕਿ ਉਹ ਜਿਸ ਇਸ਼ਟ ਨੂੰ ਸਮਰਪਤ ਹਨ ਜਾਂ ਚਾਹੁਣ, ਉਸੇ ਵਿਚ ਰਹਿਣ। ਇਹ ਹੀ ਧਰਮ ਨਿਰਪੇਖਤਾ ਤੇ ਸੈਕੂਲਰਿਜ਼ਮ ਦਾ ਤਕਾਜ਼ਾ ਹੈ। ਗੁਰੂ ਸਾਹਿਬ ਦਾ ਨਿਸ਼ਾਨਾ ਤਾਂ ਇਹ ਸੀ ਕਿ ਜੋ ਵੀ ਜਿਸ ਦਾ ਧਰਮ ਹੈ, ਉਸ ਵਿਚ ਦ੍ਰਿੜ੍ਹ ਹੋ ਕੇ, ਆਪਣੇ ਆਪ ਨੂੰ ਆਜ਼ਾਦ ਤੇ ਨਿਰਭਉ ਬਣਾਵੇ।

ਗੁਰੂ ਸਾਹਿਬ 'ਵਾਰ ਸ੍ਰੀ ਭਗਉਤੀ ਜੀ ਕੀ' ਦੀ ਦੂਸਰੀ ਪੌੜੀ ਵਿਚ ਦਸਦੇ ਹਨ ਕਿ–

"ਇਨ੍ਹਾਂ ਸਭ ਅਵਤਾਰਾਂ ਦੇਵੀਆਂ ਤੇ ਦੇਵਤਿਆਂ ਵਿਚ ਅੰਤ ਉਸ ਅਕਾਲ ਪੁਰਖ ਦੀ ਹੀ ਸ਼ਕਤੀ ਤੇ ਵਡਿਆਈ ਕੰਮ ਕਰਦੀ ਹੈ, ਜੋ ਬੇਅੰਤ ਤੇ ਅਲੱਖ ਨਿਰੰਕਾਰ ਹੈ।"

ਇਸ ਤਰ੍ਹਾਂ ਉਹ ਸਾਰੇ ਅਵਤਾਰਾਂ, ਦੇਵੀਆਂ ਤੇ ਦੇਵਤਿਆਂ ਨੂੰ ਉਸ ਬੇਅੰਤ ਦੇ ਸਿਰਜੇ ਹੋਏ ਤੇ ਉਸ ਦੇ ਹੁਕਮ ਵਿਚ ਚਲਦੇ ਹੋਏ ਦਸ ਕੇ ਉਸ ਨਾਲ ਜੋੜ ਕੇ, ਸਭ ਨੂੰ ਇਕੱਠਿਆਂ ਕਰਦੇ ਹਨ। ਉਹ ਲਿਖਦੇ ਹਨ–

"ਖੰਡਾ ਪ੍ਰਿਥਮੈ ਸਾਜਿ ਕੈ, ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ ਸਾਜਿ, ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥
ਸਿੰਧ ਪਰਬਤ ਮੇਦਨੀ, ਬਿਨੁ ਥੰਮ੍ਹਾ ਗਗਨੁ ਰਹਾਇਆ ॥
ਸਿਰਜੇ ਦਾਨੋ ਦੇਵਤੇ, ਤਿਨ ਅੰਦਰਿ ਬਾਦੁ ਰਚਾਇਆ ॥
ਤੈ ਹੀ ਦੁਰਗਾ ਸਾਜਿ ਕੈ, ਦੈਤਾ ਦਾ ਨਾਸੁ ਕਰਾਇਆ ॥
ਤੈਥੋਂ ਹੀ ਬਲੁ ਰਾਮ ਲੈ, ਨਾਲ ਬਾਣਾ ਦਹਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸਨ ਲੈ, ਕੰਸੁ ਕੇਸੀ ਪਕੜਿ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ, ਕਈ ਜੁਗ ਤਿਨੀ ਤਨੁ ਤਾਇਆ ॥
ਕਿਨੀ ਤੇਰਾ ਅੰਤੁ ਨ ਪਾਇਆ ॥੨॥


www.AKJ.Org

# ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਪਰਵਾਰ

[ਸ: ਨਰੈਣ ਸਿੰਘ ਜੀ ਐਮ, ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਤਕ ਸਾਂਝੀਵਾਲਤਾ ਅਤੇ ਸਮਾਨਤਾ ਨੇ ਸਿਖਰਾਂ ਨੂੰ ਛੋਹ ਲਿਆ, ਜਦੋਂ ਖਤਰੀ ਜਟ ਛੀਂਬੇ ਝੀਊਰ ਅਤੇ ਨਾਈ ਜਾਤੀ ਦੇ ਮਨੁਖਾਂ ਨੇ ਇਕੋ ਬਾਟੇ ਨੂੰ ਮੂੰਹ ਲਾ ਕੇ ਇਕੋ ਅੰਮ੍ਰਿਤ ਦੇ ਘੁਟ ਭਰੇ। ਬਲਕਿ ਇਨ੍ਹਾਂ ਪੰਜਾਂ ਵਲੋਂ ਤਿਆਰ ਕੀਤੇ ਅੰਮ੍ਰਿਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਛਕ ਕੇ ਊਚ ਨੀਚ ਦੇ ਭਰਮ-ਭੇਦ ਵੀ ਸਦਾ ਲਈ ਮਿਟਾ ਕੇ ਖਾਲਸਾ ਪਰਵਾਰ ਦੀ ਨੀਂਹ ਪਕੀ ਕਰਦੇ ਹੋਇ ਕਿਹਾ, 'ਖਾਲਸਾ ਮੇਰੋ ਸ੍ਰਜਨ ਪਰਵਾਰਾ', 'ਖਾਲਸਾ ਮੇਰੀ ਜਾਤਿ ਅਰ ਪਤ' ਅਤੇ 'ਹਉ ਖਾਲਸੇ ਕਾ ਖਾਲਸਾ ਮੇਰੋ–ਓਤਿ ਪੋਤਿ ਸਾਗਰ ਬੂੰਦੇਰੋ'। ਇਉਂ 'ਉਤਮ ਮਧਿਮ ਜਾਤੀ ਜਿਨਸੀ' ਦੀ ਅਨੇਕਤਾ ਵਿਚੋਂ ਚੜ੍ਹਦੇ ਸੂਰਜ ਦੇ ਉਦੇ ਹੋਣ ਵਾਂਗੂੰ ਉਭਰਿਆ ਸੀ ਖ਼ਾਲਸਾ। ਖ਼ਾਲਸੇ ਬਾਰੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੰਕਲਪ (concept) 'ਖਾਲਸਾ ਅਕਾਲ ਪੁਰਖ ਕੀ ਫਉਜ' ਵਡਾ ਮਹੱਤਵਪੂਰਨ ਹੈ।

ਜਿਵੇਂ ਕਿਸੇ ਫੌਜ ਦੇ ਸਾਰੇ ਮੈਂਬਰਾਂ ਦੀ ਰਹਿਤ-ਰਹਿਣੀ, ਰੂਪ, ਵਰਤਣ-ਵਿਹਾਰ, ਖਾਣ-ਪੀਣ, ਪਹਿਰਨ, ਜੀਵਨ-ਮੰਤਵ, ਸੇਧ ਤੇ ਨਿਸ਼ਾਨਾ ਇਕ-ਸਾਰ ਸਮਾਨ ਹੁੰਦੇ ਹਨ, ਭਾਵੇਂ ਮਜ਼ਹਬੀ ਤੇ ਸਮਾਜਕ ਤੌਰ ਤੇ ਕੋਈ ਕਿਸੇ ਸ਼ਰੇਣੀ ਤੋਂ ਆਇਆ ਹੋਵੇ ਤੇ ਕਿਸੇ ਦਾ ਕੋਈ ਵਿਸ਼ਵਾਸ ਹੋਵੇ, ਇਵੇਂ ਹੀ 'ਅਕਾਲ ਪੁਰਖ ਕੀ ਫਉਜ' ਦੇ ਸਾਰੇ ਮੈਂਬਰ ਹਰ ਗੱਲ ਵਿਚ ਇਕ ਦੂਜੇ ਦੇ ਸਮਾਨ ਹਨ। ਬਲਕਿ ਅਕਾਲ ਪੁਰਖ ਦੀ ਫੌਜ ਦਾ ਹਰ ਮੈਂਬਰ ਪਹਿਲੋਂ ਆਪਣੇ ਪਿਛਲੇ ਧਰਮ, ਕਰਮ, ਕੁੱਲ, ਕਿਰਤ, ਭਰਮ ਖ਼ਤਮ ਕਰਕੇ ਹੀ ਇਸ ਫੌਜ ਵਿਚ ਭਰਤੀ ਹੋਇਆ ਸੀ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿਖ ਨੂੰ ਖਾਲਸਾ ਸਾਜਣ ਅਥਵਾ ਉਸ ਨੂੰ ਅੰਮ੍ਰਿਤ ਛਕਾਉਣ ਤੋਂ ਪਹਿਲੋਂ ਉਸ ਪਾਸੋਂ ਪੰਜ ਪ੍ਰਣ ਲਏ ਸਨ—ਪਹਿਲਾ ਸੀ 'ਧਰਮ ਨਾਸ਼', ਅਥਵਾ, ਪਿਛਲੇ ਮਜ਼ਹਬ ਨਾਲੋਂ ਆਪਣਾ ਨਾਤਾ ਤੋੜਨਾ। ਦੂਜਾ ਸੀ 'ਕਰਮ ਨਾਸ਼', ਪੁਰਾਣੇ ਕੀਤੇ ਕਰਮ, ਜਿਨ੍ਹਾਂ ਕਰਕੇ ਹਿੰਦੂ ਵਿਸ਼ਵਾਸ ਅਨੁਸਾਰ ਉਸ ਦਾ ਕਿਸੇ ਵਿਸ਼ੇਸ਼ ਜਾਤੀ ਵਿਚ ਜਨਮ ਹੋਇਆ ਸੀ, ਨੂੰ ਭੁੱਲ ਜਾਣਾ। ਤੀਜਾ ਸੀ 'ਕੁੱਲ ਨਾਸ਼', ਅਥਵਾ, ਆਪਣੀ ਸਾਬਕਾ (ਪਿਛਲੀ) ਕੁੱਲ ਯਥਾ ਬ੍ਰਾਹਮਣ ਖਤਰੀ ਅਰੋੜਾ ਜੱਟ ਤਰਖਾਣ ਤੇ ਹੋਰ ਮਿੰਨੀ ਜਾਤਾਂ (sub castes) ਬੇਦੀ ਸੋਢੀ ਕੋਹਲੀ ਕਲਸੀ ਢਿਲੋਂ ਆਦਿ ਨਾਲੋਂ ਟੁਟ ਜਾਣਾ। ਚੌਥਾ ਸੀ 'ਸਰਮ ਨਾਸ਼', ਅਥਵਾ, ਜਿਵੇਂ ਸ਼ਾਸਤਰ ਨੇ ਵਖੋ ਵਖ ਜਾਤੀਆਂ ਲਈ ਆਪੋ ਆਪਣੇ ਪੇਸ਼ੇ (ਕਿੱਤੇ) ਨੀਯਤ ਕੀਤੇ ਅਤੇ ਕਿਸੇ ਹੋਰ ਕਿੱਤੇ ਦੇ ਕੰਮ ਕਰਨ ਤੇ ਪਾਬੰਦੀ ਲਾਈ ਹੋਈ ਸੀ, ਉਸ ਦਾ ਖ਼ਾਤਮਾ। ਅਤੇ ਪੰਜਵਾਂ ਸੀ 'ਭਰਮ ਨਾਸ਼', ਅਥਵਾ, ਭਾਂਤ ਭਾਂਤ ਦੀਆਂ ਬੇਅਰਥ ਰਸਮਾਂ ਰੀਤਾਂ। ਇਉਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਖਾਲਸਾ, ਜਿਸ ਦਾ ਆਮ ਵਿਚਾਰ ਅਨੁਸਾਰ ਮਹਿਜ਼ ਕੇਸ ਦਾੜ੍ਹੀ ਅਤੇ ਦਸਤਾਰ ਵਾਲਾ ਰੂਪ ਅਤੇ ਵਧ ਤੋਂ ਵਧ ਅੰਮ੍ਰਿਤਧਾਰੀ ਹੋਣਾ ਮੰਨਿਆ ਗਿਆ ਹੋਇਆ ਹੈ, ਬਹੁਤ ਕੁਛ ਹੋਰ ਵੀ ਸਿਧ ਹੁੰਦਾ ਹੈ। ਇਸ ਦੀ ਮੁਖ ਗੱਲ ਬ੍ਰਾਹਮਣੀ ਵਿਸ਼ਵਾਸ ਨਾਲੋਂ ਤੋੜ ਵਿਛੋੜੀ ਹੈ। ਬ੍ਰਾਹਮਣੀ ਵਿਸ਼ਵਾਸ ਦੀ ਬੁਨਿਆਦੀ ਮਨੌਤ ਮਨੁਖ ਜਾਤੀ ਦਾ ਇਕ ਨ ਹੋਣਾ ਹੈ। ਬਲਕਿ ਵਖੋ ਵਖ ਜਾਤੀਆਂ ਦੇ ਪੂਜਯ ਦੇਵੀ ਦੇਵਤਿਆਂ ਅਤੇ ਉਨ੍ਹਾਂ ਦੇ ਦੇਵ-ਮੰਦਰਾਂ ਦਾ ਵੀ ਆਪੋ ਆਪ ਵਖਰਾ ਹੋਣਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਅਜਿਹੇ ਬ੍ਰਾਹਮਣੀ ਵਿਸ਼ਵਾਸ ਦੇ ਬਿਲਕੁਲ ਉਲਟ ਫ਼ੁਰਮਾਉਂਦੇ ਹਨ :

'ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ॥੧੫॥੮੫॥

[ਪਾ: ੧੦, ਅਕਾਲ ਉਸਤਤਿ

ਅਤੇ ਜਿਵੇਂ ਪਿਛੇ ਦਸਿਆ ਗਿਆ ਹੈ, ਉਸ ਵਿਸ਼ਵਾਸ ਨੂੰ ਮੁਕੰਮਲ ਤੌਰ ਤੇ ਤਹਿਸ਼ ਨਹਿਸ਼ (ਮਲੀਆਮੇਟ) ਕਰ ਦੇਣ ਲਈ, ਖਾਲਸਾ ਪਰਵਾਰ ਵਿਚ ਸ਼ਾਮਲ ਹੋਣ ਵਾਲੇ ਸਿਖਾਂ ਪਾਸੋਂ ਧਰਮ ਨਾਸ਼, ਕਰਮ ਨਾਸ਼, ਕੁੱਲ ਨਾਸ਼, ਸਰਮ ਨਾਸ਼, ਅਤੇ ਭਰਮ ਨਾਸ਼ ਦੇ ਪ੍ਰਣ ਲੈ ਕੇ ਉਨ੍ਹਾਂ ਦੇ ਪਿਛਲੇ ਵਿਸ਼ਵਾਸਾਂ ਨੂੰ ਪੱਕੀ ਤਰ੍ਹਾਂ ਖ਼ਤਮ ਕਰ ਦਿਤਾ ਅਤੇ ਉਨ੍ਹਾਂ



www.AKJ.Org

ਪ੍ਰਤੀ "ਸਤਿਗੁਰ ਕੈ ਜਨਮੈ ਗਵਨ ਮਿਟਾਇਆ" ਅਥਵਾ ਸਤਿਗੁਰੂ ਦੇ ਘਰ ਨਵਾਂ ਜਨਮ ਲੈ ਹੋਣ ਦੀ ਉਨ੍ਹਾਂ ਨੂੰ ਦ੍ਰਿੜ੍ਹਤਾ ਦਿਤੀ।

ਗੁਰੂ ਜੀ ਦੇ ਜ਼ਾਤ-ਪਾਤੀ-ਵੰਡ ਦੇ ਖ਼ਿਲਾਫ਼ ਏਨਾ ਨਿੱਗਰ ਕਦਮ ਚੁਕਣ ਪਿਛੇ ਮੁਖ ਗੱਲ ਸਿਖਾਂ ਅੰਦਰੋਂ ਆਪਸੀ ਮਤ-ਭੇਦ ਤੇ ਘਿਰਣਾ, ਜੋ ਵਧੇਰੇ ਕਰਕੇ ਜਾਤ ਅਭਿਮਾਨ ਕਾਰਨ ਪੈਦਾ ਹੁੰਦੀ ਹੈ, ਦੂਰ ਕਰਨਾ ਸੀ।

ਦੌਲਤ ਰਾਇ ਆਰੀਆ ਨੇ ੧੯੦੧ ਵਿਚ ਛਪੀ ਆਪਣੀ ਉਰਦੂ ਵਿਚ ਲਿਖੀ ਪੁਸਤਕ "ਸਵਾਨੇ ਉਮਰੀ ਗੁਰੂ ਗੋਬਿੰਦ ਸਿੰਘ" ਵਿਚ ਗੁਰੂ ਜੀ ਬਾਰੇ ਲਿਖਿਆ ਸੀ:

"ਵੋਹ ਵਰਨ-ਆਸ਼ਰਮ ਕੇ ਹੱਕ ਮੇਂ ਨ ਥੇ। ਜੋ ਸਿਖ ਅਪਨੇ ਤਈ ਅਭੀ ਤਕ ਜਾਤ ਕੇ ਅਭਮਾਨ ਮੇਂ ਖਤਰੀ ਸਿੱਖ ਔਰ ਬ੍ਰਾਹਮਣ ਸਿਖ ਸਮਝਤੇ ਹੈਂ ਔਰ ਅਪਨੇ ਤਈ ਵਰਨ-ਆਸ਼ਰਮ ਕੀ ਕੈਦ ਮੇਂ ਮਾਨਤੇ ਹੈਂ, ਵੋਹ ਲੋਗ ਗੁਰੂ ਗੋਬਿੰਦ ਸਿੰਘ ਕੇ ਸਿਖ ਨਹੀਂ, ਜਿਨ ਕੋ ਖ਼ਾਲਸਾ ਸਿਖ ਕਾ ਖਿਤਾਬ ਦੀਆ ਗਿਆ ਹੈ। ਇਨ ਲੋਗੋਂ ਸੇ, ਅਸਲੀ ਸਿੱਖੋ, ਖ਼ਬਰਦਾਰ ਰਹਿਨਾ। ਬ੍ਰਾਹਮਣ ਸਿੱਖ, ਖਤਰੀ ਸਿੱਖ, ਆਰੀਆ ਸਿੱਖ, ਜਾਤ ਕੇ ਅਭਿਮਾਨੀ ਤੁਮ ਕੋ ਨੀਚੇ ਗਿਰਾਨੇ ਕੀ ਫਿਕਰ ਮੇਂ ਹੈਂ। ਕਿਸੀ ਖ਼ਾਲਸਾ ਕੋ ਹਰਗਿਜ਼ ਯਿਹ ਪਸੰਦ ਨ ਹੋਗਾ ਕਿ ਗੁਰੂ ਗੋਬਿੰਦ ਸਿੰਘ ਨੇ ਜਿਸ ਦਰੱਖ਼ਤ ਕੋ ਅਪਨੇ, ਔਰ ਅਪਨੇ ਲਖ਼ਤਿ ਜਿਗਰੋਂ ਕੇ ਖ਼ੂਨ ਸੇ ਸਿੰਚਾ ਹੈ, ਖ਼ੁਦਗਰਜ਼ ਔਰ ਅਹਿਲਿ-ਮਤਲਬ ਲੋਗੋਂ ਕੀ ਬੇਰਹਿਮੀ ਸੇ ਉਸੇ ਉਖਾੜ ਡਾਲਾ ਜਾਏ।" ਸਫਾ ੨੪੦

"ਗੁਰੂ ਗੋਬਿੰਦ ਸਿੰਘ ਨੇ ਸਭ ਸੇ ਬੜਾ ਕਾਮ ਜੋ ਕੀਆ, ਵੁਹ ਵਰਨ-ਆਸ਼ਰਮ ਔਰ ਜਾਤ ਪਾਤ ਤੋੜਨਾ ਥਾ। ਵੁਹ ਲੋਗ, ਜੋ ਜਨਮ ਸੇ ਗ਼ੁਲਾਮੀ ਮੇਂ ਮੁਬਤਲਾ ਥੇ, ਉਨ ਕੋ ਬਲੰਦੀ ਪਰ ਪਹੁੰਚਾਨੇ ਕਾ ਇਰਾਦਾ ਕੀਆ।...ਇਸ ਸੇ ਬੜਾ ਕਾਮ ਔਰ ਅਜੀਬ ਕਰਾਮਾਤ ਔਰ ਕਿਆ ਹੋ ਸਕਤੀ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਪਾਉਂ ਕੋ ਸਰ ਬਨਾ ਦੀਆ।" ਸਫ਼ਾ ੨੫੧

......ਅਠਾਰ੍ਹਵੀਂ ਸਦੀ ਈਸਵੀ, ਬਲਕਿ ਮਹਾਰਾਜਾ ਰਣਜੀਤ ਸਿੰਘ ਕਾਲ (੧੭੯੯ ਤੋਂ ੧੮੩੯) ਵਿਚ ਸ਼ਾਇਦ ਹੀ ਕੋਈ ਮਿਸਾਲ ਸਿੰਘ ਦੇ ਜਾਤ-ਨਾਮ ਨਾਲ ਬੁਲਾਏ ਜਾਣ ਦੀ ਮਿਲਦੀ ਹੋਵੇ। ਅਠਾਰ੍ਹਵੀਂ ਸਦੀ ਵਿਚ ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਸ: ਜੱਸਾ ਸਿੰਘ ਰਾਮਗੜ੍ਹੀਆ, ਜੋ ਕ੍ਰਮ ਅਨੁਸਾਰ ਜਾਤ ਦੇ ਕਲਾਲ ਤੇ ਤਰਖਾਣ ਸਨ, ਨੂੰ ਪਿੰਡ ਆਹਲੂਵਾਲਾ ਅਤੇ ਪਿੰਡ ਰਾਮਗੜ੍ਹ ਦੇ ਜੰਮ-ਪਲ ਹੋਣ ਕਾਰਨ ਹੀ ਆਹਲੂਵਾਲੀਆ ਅਤੇ ਰਾਮਗੜ੍ਹੀਆ ਕਿਹਾ ਜਾਂਦਾ ਸੀ। ਭਾਵੇਂ ਅੱਜ ਕਲਾਲ ਆਮ ਤੌਰ ਤੇ ਹੀ ਆਹਲੂਵਾਲੀਏ ਅਤੇ ਤਰਖਾਣ ਰਾਮਗੜ੍ਹੀਏ ਕਹੇ ਜਾਂਦੇ ਹਨ, ਪਰ ਇਹ ਉਨ੍ਹਾਂ ਦੀਆਂ ਜਾਤਾਂ ਨਹੀਂ ਹਨ।.....

ਇਹ ਰਿਵਾਜ ਵਧੇਰੇ ਕਰਕੇ ਸੰਨ ੧੯੪੭ ਦੀ ਦੇਸ਼-ਆਜ਼ਾਦੀ ਪਿਛੋਂ ਪਿਆ ਹੈ, ਜਦੋਂ ਹਿੰਦੂ ਦੀ ੮੨ ਫ਼ੀ ਸਦੀ ਵਸੋਂ ਅਤੇ ਇਸੇ ਅਨੁਸਾਰ ਬਣੀ ਦੇਸ਼ ਦੀ ਗਣਤੰਤਰੀ ਸਰਕਾਰ ਹੋਂਦ ਵਿਚ ਆਏ।......

ਪਰ ਸਿਧੀ ਚੋਟ ਜੋ ਸਿੱਖ ਧਰਮ ਤੇ ਕੀਤੀ ਗਈ ਓਹ ਸਿੱਖਾਂ ਅੰਦਰ ਜਾਤ ਪਾਤੀ ਵਿਤਕਰੇ ਦੀ ਪਰਪਾਟੀ ਪਾਉਣ ਦੀ ਸੀ ਅਤੇ ਸਾਰੇ ਸਿੱਖ, ਜਿਨ੍ਹਾਂ ਨੇ ਜਾਤੀ ਭਿੰਨ-ਭੇਦ ਨੂੰ ਤਲਾਂਜਲੀ ਦਿਤੀ ਹੋਈ ਸੀ, ਮੁੜ ਭਾਂਤੋ ਭਾਂਤੀ ਜਾਤਾਂ ਅੰਦਰ ਵੰਡੇ ਜਾਣ ਲਗੇ।

ਸਿੱਖ ਨੂੰ ਕਮਜ਼ੋਰ ਕਰਨ ਲਈ ਇਨ੍ਹਾਂ ਵਿਚ ਬ੍ਰਾਦਰੀ-ਵੰਡ ਤੇ ਜਾਤ-ਵੰਡ ਨੂੰ ਪਹਿਲ ਦਿਤੀ ਗਈ। ਹਿੰਦੂਆਂ ਵਿਚ ਤਾਂ ਅਜਿਹੀ ਵੰਡ ਹਿੰਦੂ ਸ਼ਾਸਤਰ ਦੇ ਆਧਾਰ ਤੇ ਬ੍ਰਾਹਮਣ ਨੇ ਆਦਿ ਕਾਲ ਤੋਂ ਹੀ ਕੀਤੀ ਹੋਈ ਸੀ ਅਤੇ ਕਹੀਆਂ ਜਾਂਦੀਆਂ ਹਿੰਦੂ ਉਚ ਜਾਤੀਆਂ ਜਾਤ-ਘੁਮੰਡ ਦੀ ਪਕੜ ਵਿਚ ਸਨ। ਛੂਤ ਵਾਲੀਆਂ ਬੀਮਾਰੀਆਂ (Infectious diseases) ਵਾਂਗ ਅਜਿਹੇ ਘੁਮੰਡ ਦਾ ਇਰਦੇ ਗਿਰਦੇ ਫੈਲ ਜਾਣਾ ਸਹਿਜ ਭਾ ਦੀ ਗੱਲ ਸੀ ਅਤੇ ਜਦੋਂ ਇਸ ਦੀ ਪੁਸ਼ਤ-ਪਨਾਹ ਸਮੁਚਾ ਹਿੰਦੂ ਸਮਾਜ ਤੇ ਹਿੰਦੂ ਸਰਕਾਰ ਹੋ ਗਏ ਤਾਂ ਸਿੱਖਾਂ ਦਾ ਇਸ ਦੀ ਪਕੜ ਵਿਚ ਆ ਜਾਣਾ ਕੀ ਮੁਸ਼ਕਲ ਸੀ? ਸਿਖ ਵੀ ਖ਼ਾਲਸਾ ਰਹਿਣ ਦੀ ਬਜਾਏ ਪਹਿਲੋਂ ਜੱਟ, ਖਤਰੀ, ਰਾਮਗੜ੍ਹੀਏ, ਰਵਦਾਸੀ, ਰੰਗਰੇਟੇ, ਆਹਲੂਵਾਲੀਏ ਅਤੇ ਕਈ ਹੋਰ ਬ੍ਰਾਦਰੀਆਂ ਵਿਚ ਵੰਡੇ ਗਏ। ਹਰ


www.AKJ.Org

ਇਕ ਨੇ ਪਹਿਲੋਂ ਆਪੋ ਆਪਣਾ ਗੁਰਦੁਆਰਾ ਕਾਇਮ ਕੀਤਾ ਅਤੇ ਫਿਰ ਬ੍ਰਾਦਰੀਆਂ ਤੇ ਜਾਤਾਂ ਦੇ ਨਾਮ ਤੇ ਆਸ਼ਰਮ, ਯਥਾ ਰਾਮਗੜ੍ਹੀਆ ਕਾਲਜ, ਰਾਮਗੜ੍ਹੀਆ ਗਜ਼ਟ, ਗਰੇਵਾਲ ਕਾਲਜ, ਲਬਾਣਾ ਸੇਵਕ, ਰਵਦਾਸੀ ਕਾਲੋਨੀ ਆਦਿ ਕਾਇਮ ਹੋਏ। ਇਸ ਤੋਂ ਅਗੇ ਹਿੰਦੂਆਂ ਅੰਦਰ ਗਾਂਧੀ, ਚਵਾਨ, ਮਿਤਲ, ਨਹਿਰੂ, ਓਝਾ, ਰੇਇ, ਖੁਰਾਣਾ ਆਦਿਕ ਅਨੇਕਾਂ ਜਾਤਾਂ ਸਨ। ਉਨ੍ਹਾਂ ਦੇ ਵੇਖੋ ਵੇਖੀ ਭਾਂਤ ਭਾਂਤ ਦੇ ਨਾਵਾਂ ਵਾਲੀਆਂ ਜਾਤਾਂ ਨੂੰ ਅਪਣਾਇਆ। ਜਿਹੜੀਆਂ ਜਾਤਾਂ ਹਿੰਦੂਆਂ ਅਤੇ ਸਿੱਖਾਂ ਵਿਚ ਸਮਾਨ (Common) ਸਨ, ਉਨ੍ਹਾਂ ਜਾਤਾਂ ਨੂੰ ਸਿੱਖ ਨਾਮਾਂ ਨਾਲ ਜੋੜ ਲੈਣਾ ਤਾਂ ਮੁਸ਼ਕਲ ਭੀ ਨਹੀਂ ਸੀ, ਜੋ ਸਹਿਜੇ ਹੀ ਅਪਣਾਅ ਲਈਆਂ ਗਈਆਂ ਅਤੇ ਸਮੇਂ ਨਾਲ ਇਹ ਗੱਲ ਏਨੀ ਵਧ ਗਈ ਕਿ ਹਿੰਦੂਆਂ ਵਾਂਗ ਇਹ ਭੀ ਜਾਤ-ਨਾਮਾਂ ਨਾਲ ਜਾਣੇ ਪਛਾਣੇ ਗਏ। ਇਸਤ੍ਰੀ, ਜੋ ਨਕਲ ਉਤਾਰਨ ਵਿਚ ਮਰਦਾਂ ਨਾਲੋਂ ਵਧੇਰੇ ਤੇਜ਼ ਹੈ, ਨੇ ਫੌਰਨ ਇਸ ਦੀ ਪਕੜ ਕੀਤੀ। ਜਿਸ ਦਾ ਸਿੱਟਾ ਕਿ ਇਸਤ੍ਰੀ ਦਾ ਅਸਲ ਨਾਮ ਤਾਂ ਵਿਰਲਾ ਹੀ ਜਾਣਦਾ ਤੇ ਬੋਲਦਾ ਹੈ, ਉਹ ਆਮ ਤੌਰ ਤੇ ਜਾਤ-ਨਾਮ ਨਾਲ ਹੀ ਜਾਣੀਆਂ ਜਾਂਦੀਆਂ ਹਨ।

ਇਨ੍ਹਾਂ ਪ੍ਰਭਾਵਾਂ ਥੱਲੇ ਅਸੀਂ ਭੁੱਲ ਹੀ ਗਏ ਹਾਂ ਕਿ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਸਾਜਣ ਸਮੇਂ ਸਾਨੂੰ ਪਿਛਲੋਂ ਧਰਮ, ਕਰਮ, ਕੁੱਲ, ਕਿਰਤ ਅਤੇ ਭਰਮ ਨਾਸ਼ ਕਰ ਦੇਣ ਦਾ ਹੁਕਮ ਦਿਤਾ ਸੀ ਅਤੇ ਬ੍ਰਾਦਰੀਆਂ ਅਤੇ ਜਾਤ-ਪਾਤੀ ਵਖਰੇਵੇਂ ਭੁੱਲ ਜਾਣ ਲਈ ਕਹਿੰਦੇ ਹੋਏ ਸਾਨੂੰ 'ਵਾਹਿਗੁਰੂ ਜੀ ਕਾ ਖਾਲਸਾ' ਅਤੇ 'ਖਾਲਸਾ ਅਕਾਲ ਪੁਰਖ ਕੀ ਫੌਜ' ਹੋਣ ਦਾ ਮਾਣ ਦਿਤਾ ਸੀ। ਇਸ ਦੇ ਨਾਲ ਹੀ ਇਹ ਫੁਰਮਾਇਆ ਸੀ ਕਿ ਜਦੋਂ ਸਿੰਘ ਦੂਜੇ ਸਿੰਘ ਨੂੰ ਮਿਲੇ ਤਾਂ 'ਵਾਹਿਗੁਰੂ ਜੀ ਕਾ ਖਾਲਸਾ' ਹੋਣ ਦੀ ਉਸ ਨੂੰ ਚਿਤਾਵਨੀ ਦੇਵੇ, ਜਿਸ ਨੂੰ ਅਸੀਂ ਉੱਕਾ ਹੀ ਛਡ ਦਿਤਾ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸਾਨੂੰ ਆਪਣਾ ਪਰਵਾਰ ਕਹਿ ਕੇ ਨਿਵਾਜਿਆ ਸੀ, ਪਰ ਅਸੀਂ ਗੁਰੂ ਦੇ ਪਰਵਾਰ ਵਿਚੋਂ ਨਿਕਲ ਕੇ ਆਪੋ ਆਪਣੀ ਜਾਤ ਕੁਲ ਦੇ ਪਰਵਾਰ ਅੰਦਰ ਦਾਖ਼ਲ ਹੋ ਗਏ ਹਾਂ।

ਜੇ ਅਸੀਂ ਸਿੱਖ ਨੂੰ ਉਚਾ ਉਠਾਉਣ ਲਈ ਹੋਰ ਕੁਝ ਨਹੀਂ ਕਰ ਸਕਦੇ ਤਾਂ ਘਟੋ ਘਟ ਆਪਣੇ ਆਪ ਦੇ ਗੁਰੂ-ਪਰਵਾਰ ਵਿਚੋਂ ਨਿਕਲੇ ਹੋਣ ਦੀ ਸ਼ਰਮ ਤਾਂ ਮਹਿਸੂਸ ਕਰੀਏ ਅਤੇ ਮੁੜ ਗੁਰੂ-ਪਰਵਾਰ ਦੇ ਮੈਂਬਰ ਬਣ ਕੇ ਪਿਛੇ ਹੋਈ ਭੁੱਲ ਦੀ ਖਿਮਾ ਮੰਗੀਏ।

ਇਸ ਜਾਤ-ਪਾਤੀ ਵੰਡ ਅਤੇ ਜਾਤ-ਨਾਮ ਵਰਤਣ ਅਤੇ ਬੋਲੇ ਜਾਣ ਦੀ ਵਾਦੀ ਤਾਂ ਭਾਵੇਂ ਅਸਾਂ ਹਿੰਦੂ ਤੋਂ ਹੀ ਲਈ ਸੀ ਅਤੇ ਇਸ ਦਾ ਅਰੰਭ ਵਧੇਰੇ ਕਰਕੇ ਸਿੱਖ ਮੁਲਾਜ਼ਮਾਂ ਤੋਂ ਹੋਇਆ ਸੀ, ਕਿਉਂਕਿ ਉਹਨਾਂ ਦੀ ਰਹਿਣੀ ਬਹਿਣੀ ਤੇ ਵਰਤਣ-ਵਿਹਾਰ ਬਹੁ-ਗਿਣਤੀ ਹਿੰਦੂ ਮੁਲਾਜ਼ਮਾਂ ਨਾਲ ਸੀ, ਜੋ ਜਾਤ-ਨਾਮ ਵਰਤਦੇ ਸਨ ਅਤੇ ਇਸ ਵਾਦੀ ਦਾ ਪਰਵੇਸ਼ ਵੀ ਆਮ ਤੌਰ ਤੇ ਪੜ੍ਹਿਆਂ ਲਿਖਿਆਂ ਅੰਦਰ ਹੀ ਹੋਇਆ ਸੀ, ਪਰ ਇਨ੍ਹਾਂ ਦੀ ਵੇਖੋ ਵੇਖੀ ਹੁਣ ਇਹ ਰਿਵਾਜ ਹੀ ਬਣ ਗਿਆ ਹੈ ਅਤੇ ਗੁਰੂ ਜੀ ਦੇ ਕਥਨ ਕਿ–'ਦੇਖਾ ਦੇਖੀ ਸਭ ਕਰੈ ਮਨਮੁਖ ਬੂਝ ਨ ਪਾਇ'। ਅਨੁਸਾਰ ਇਹ ਉਨ੍ਹਾਂ ਨਹੀਂ ਸੋਚਿਆ ਕਿ ਸਿੱਖੀ ਧਾਰਨ ਸਮੇਂ ਤਾਂ ਅਸੀਂ ਆਪਣੇ ਸਾਬਕਾ ਧਰਮ ਕਰਮ ਕੁੱਲ ਛਡ ਕੇ ਹੀ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਪਰਵਾਰ ਵਿਚ ਦਾਖ਼ਲ ਹੋਏ ਸਾਂ ਤਾਂ ਅੱਜ ਸਾਨੂੰ ਆਪਣੀ ਪਿਛਲੀ ਕੁੱਲ ਜਾਤ ਦਾ ਵਰਤਣਾ ਕਿਵੇਂ ਸ਼ੋਭਾ ਦੇਵੇਗਾ। ਖਾਲਸਾ ਅਤੇ ਜਾਤ ਕੁੱਲ, ਦੋ ਮੁਤਜ਼ਾਦ (ਵਿਰੋਧੀ) ਗੱਲਾਂ ਹਨ, ਦੋਵੇਂ ਇਕੱਠੀਆਂ ਨਹੀਂ ਚਲ ਸਕਦੀਆਂ। ਜੇ ਅਸੀਂ ਬੇਦੀ, ਕੋਹਲੀ ਜਾਂ ਢਿਲੋਂ ਹਾਂ ਤਾਂ ਖਾਲਸਾ ਨਹੀਂ। ਸੋ ਸਾਨੂੰ ਫੈਸਲਾ ਕਰਨਾ ਪਵੇਗਾ ਕਿ ਅਸੀਂ ਖਾਲਸਾ ਰਹਿਣਾ ਹੈ ਜਾਂ ਜਾਤ ਬ੍ਰਾਦਰੀ ਦੇ ਮੈਂਬਰ? ਜੇ ਅਸਾਂ ਦੋਵੇਂ ਪਾਸੇ ਰਖਣੇ ਹਨ ਤਾਂ ਸਾਡੀ ਦਸ਼ਾ ਗੁਰੂ ਫੁਰਮਾਨ 'ਮਨਮੁਖ ਬੂਝ ਨ ਪਾਇ' ਦੀ ਹੀ ਹੋਵੇਗੀ। ਜਾਤ-ਨਾਮ ਨਿਰੋਲ 'ਬਿਪਰਨ ਕੀ ਰੀਤ' ਹੈ, ਜਿਸ ਨੂੰ ਅਪਣਾਉਣ ਨਾਲ ਅਸੀਂ ਗੁਰੂ ਗੋਬਿੰਦ ਸਿੰਘ ਦਾ ਭਰੋਸਾ ਗਵਾ ਲਵਾਂਗੇ।......

ਮੇਰੇ ਸਿਖ ਵੀਰ! ਜ਼ਰਾ ਸੋਚ, ਤੇਰੀ ਜਾਤ-ਹਉਮੈ ਤੈਨੂੰ ਕਿਧਰ ਲੈ ਜਾ ਰਹੀ ਹੈ? ਕੀ ਤੇਰੀਆਂ ਜਾਤ-ਵੰਡੀਆਂ ਖਾਲਸਈ ਮਹਿਲ ਨੂੰ ਜਰਜਰਾ ਨਹੀਂ ਕਰ ਰਹੀਆਂ? ਜੋ ਮਹਿਲ ਤੇਰੇ ਬਜ਼ੁਰਗਾਂ ਨੇ ਆਪਣੇ ਲਹੂ ਤੇ ਮਿਝ ਦੇ ਗਾਰੇ ਨਾਲ ਉਸਾਰਿਆ ਸੀ, ਜਿਸ ਦੀ ਨੀਂਹ ਸਿਰਾਂ ਦੀ ਭੇਟਾ ਲੈ ਕੇ ਰਖੀ ਗਈ ਸੀ, ਜਿਸ ਨੂੰ ਪੁਖਤਾ ਕਰਨ ਲਈ ਗੁਰੂ ਗੋਬਿੰਦ ਸਿੰਘ ਦੇ ਸਤ ਤੇ ਨੌਂ ਸਾਲ ਦੇ ਲਖਤੇ-ਜਿਗਰ ਕੰਧਾਂ ਅੰਦਰ ਚਿਣੇ ਗਏ ਅਤੇ ਹਜ਼ਾਰਾਂ



www.AKJ.Org

ਸਿੰਘ ਸਿੰਘਣੀਆਂ ਤੇ ਮਾਸੂਮ ਬੱਚਿਆਂ ਨੇ ਆਪਣਾ ਆਪ ਨਿਛਾਵਰ ਕਰ ਦਿੱਤਾ, ਕੀ ਉਸ ਮਹਿਲ ਨੂੰ ਜਰਜਰਾ ਹੁੰਦਾ ਵੇਖ, ਬਲਕਿ ਉਸ ਦੇ ਜਰਜਰਾ ਕਰਨ ਦੇ ਭਾਗੀ ਬਣਨ ਦੀ ਸ਼ਰਮ ਮਹਿਸੂਸ ਨਹੀਂ ਹੋਣੀ ਚਾਹੀਦੀ ? ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਚਾਰ ਵਰਣ ਇਕ ਵਰਣ ਕਰਨ ਦੀ ਕਲਾ ਵਰਤਾਈ ਅਤੇ ਜੱਟਾਂ ਖਤਰੀਆਂ ਛੀਂਬਿਆਂ ਝੀਊਰਾਂ ਤੇ ਨਾਈਆਂ ਸਭ ਨੂੰ ਇਕ-ਰੂਪ ਰਹਿਣੀ ਤੇ ਇਕ ਨਾਮ 'ਖਾਲਸਾ' ਦੇ ਕੇ, ਉਸ ਖਾਲਸੇ ਨੂੰ ਆਪਣਾ ਪਰਵਾਰ ਕਿਹਾ ਸੀ, ਤਾਂ ਕੀ ਅਸੀਂ ਜਾਤ ਬ੍ਰਾਦਰੀਆਂ ਦੀਆਂ ਵੰਡੀਆਂ ਪਾ ਕੇ ਗੁਰੂ ਗੋਬਿੰਦ ਦੇ ਪਰਵਾਰ ਤੋਂ ਬਾਹਰ ਨਹੀਂ ਜਾ ਰਹੇ । ਕੀ ਇਉਂ ਕਰਨਾ ਉਸ ਮਹਾਨ ਗੁਰੂ ਦੀ ਨਿਰਾਦਰੀ ਨਹੀਂ ?

ਐਸਾ ਕਰਨਾ ਨਿਰੋਲ 'ਬਿਪਰਨ ਕੀ ਰੀਤ' ਹੈ, ਜਿਸ ਨਾਲ ਗੁਰੂ ਦੀ ਪਰਤੀਤ ਦੇ ਪਾਤਰ ਨਹੀਂ ਰਿਹਾ ਜਾ ਸਕਦਾ । ਆਓ ਗੁਰੂ ਦੀ ਪਰਤੀਤ ਨ ਗਵਾਉ, ਨਿਰਾ ਜਾਤ-ਨਾਮ ਵਰਤਣਾ ਹੀ ਨ ਛਡ ਦਿਓ, ਬਲਕਿ ਜਿਥੇ ਜਿਥੇ ਅਤੇ ਜਿੰਨੇ ਵੀ ਜਾਤਾਂ ਅਤੇ ਨਾਮਾਂ ਤੇ ਗੁਰਦੁਆਰੇ, ਸੁਸਾਇਟੀਆਂ, ਆਸ਼ਰਮ, ਮੈਗਜ਼ੀਨ ਆਦਿ ਚਲਦੇ ਹਨ, ਸਭ ਦੇ ਨਾਮ ਬਦਲ ਕੇ ਖ਼ਾਲਸੇ ਦੇ ਅਨੁਕੂਲ ਨਾਮ ਰਖ ਲਵੋ । ਅੱਜ ਲੋੜ ਹੈ ਅਜਿਹੀ ਲਹਿਰ ਚਲਾ ਕੇ ਜਾਤ-ਬ੍ਰਾਦਰੀਆਂ ਦੀ ਸਿਖ-ਮਾਰੂ-ਪਰਪਾਟੀ ਨੂੰ ਖ਼ਤਮ ਕਰਨ ਦੀ । ਵਰਨਾ ਆਉਣ ਵਾਲੀਆਂ ਸਿਖ ਨਸਲਾਂ ਤੁਹਾਨੂੰ ਕੌਮ ਦੀ ਹੋ ਰਹੀ ਹਾਨੀ ਦੇ ਸਦਾ ਲਈ ਦੋਸ਼ੀ ਗਰਦਾਨਦੀਆਂ ਰਹਿਣਗੀਆਂ ।

ਗੁਰੂ ਗੋਬਿੰਦ ਸਿੰਘ ਸਾਹਿਬ ਜੈਸੇ ਦੀਨ ਦੁਖੀਆਂ ਦੀ ਬਾਂਹ ਫੜਨ ਵਾਲੇ ਕੌਮ-ਨਿਰਮਾਤਾ (Nation Builders) ਰੋਜ਼ ਰੋਜ਼ ਦੁਨੀਆ ਤੇ ਨਹੀਂ ਆਇਆ ਕਰਦੇ । ਐਸੇ ਮਹਾਨ ਸਤਿਗੁਰੂ, ਜਿਸ ਨੇ 'ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰਿ ਸੰਗਿ ਕੀਰੇ ਹਮ ਥਾਪੇ* ਦੀ ਵਡਿਆਈ ਨੂੰ ਰੋਲਣਾ ਠੀਕ ਨਹੀਂ ।

["ਜਾਤ ਵੰਡ ਤੇ ਸਿੱਖ" ਟ੍ਰੈਕਟ ਚੋਂ

* ਗਉੜੀ ਬੈਰਾਗਣਿ ਮਹਲਾ , ਪੰਨਾ ੧੬੭

## ਉਹ ਘਰ ਵਡਭਾਗੀ ਹੈ

[ਕੈਪਟਿਨ ਰਣਧੀਰ ਸਿੰਘ ਜੀ]

ਉਹ ਘਰ ਵਡਭਾਗੀ ਹੈ, ਜਿੱਥੇ ਪ੍ਰੇਮ ਦਾ ਵਾਸਾ ਹੈ,
ਜਿੱਥੇ ਕੋਈ ਝਗੜਾ ਨਹੀਂ, ਬੱਚਿਆਂ ਦਾ ਹਾਸਾ ਹੈ ।
ਉੱਚਾ ਕੋਈ ਬੋਲੇ ਨਾ, ਕੌੜਾ ਕੋਈ ਆਖੇ ਨਾ,
ਸਭ ਜੀ ਜੀ ਕਰਨ ਪਏ, ਫਿੱਕਾ ਕੋਈ ਭਾਖੇ ਨਾ ।
ਉੱਠ ਆਵਣ ਭਲਕੇ ਸਭ, ਤੇ ਫਤਹ ਗਜਾਵਣ ਸਭ,
ਬਾਹਰੋਂ ਹੋ ਆਉਂਦੇ ਨੇ, ਆ ਕੇ ਫਿਰ ਨ੍ਹਾਵਣ ਸਭ ।
ਗੁਰਬਾਣੀ ਪੜ੍ਹਦੇ ਨੇ, ਖੰਡਾ ਖੜਕਾਵਣ ਸਭ,
ਨਿਤਨੇਮ ਤੋਂ ਵਿਹਲੇ ਹੋ, ਗੁਰਦੁਆਰੇ ਜਾਵਣ ਸਭ ।
ਨਾਸ਼ਤਾ ਕਰਕੇ ਤੇ, ਬੱਚੇ ਪੜ੍ਹਨ ਨੂੰ ਜਾਂਦੇ ਨੇ,
ਵੱਡੇ ਵੀ ਨਾਮ ਧਿਆ, ਕਾਰੇ ਲਗ ਜਾਂਦੇ ਨੇ ।
ਕੋਈ ਗੁਰਮੁਖ ਆਵੇ ਜੇ, ਸਭ ਨੂੰ ਚਾਅ ਚੜ੍ਹ ਜਾਵੇ,
ਉਹਦੀ ਸੇਵਾ ਕਰਕੇ ਤੇ, ਖ਼ੁਸ਼ੀਆਂ ਦਾ ਹੜ੍ਹ ਆਵੇ ।
ਕੋਈ ਹਉਮੈ ਰੱਤਾ ਨਾ, ਕੋਈ ਮੈਂ ਮੈਂ ਕਰਦਾ ਨਾ,
ਕੋਈ ਲੋਭੀ ਦਿੱਸਦਾ ਨਾ, ਕੋਈ ਕ੍ਰੋਧ ਚਿ ਸੜਦਾ ਨਾ ।

ਜੇ ਗਲਤੀ ਹੋ ਜਾਵੇ, ਮੁਆਫ਼ੀ ਉਹ ਮੰਗਦੇ ਨੇ,
ਮੁੜ ਕੇ ਫਿਰ ਕਰਨ ਲਈ, ਗ਼ਲਤੀ ਚੋਂ ਸੰਗਦੇ ਨੇ ।
ਬੱਚਿਆਂ ਨੂੰ ਪਿਆਰ ਕਰਨ, ਬੱਚੇ ਸਤਿਕਾਰ ਕਰਨ,
ਉਹ ਸਭ ਕੁਝ ਪਾ ਕੇ ਵੀ, ਨਾ ਕਦੇ ਹੰਕਾਰ ਕਰਨ ।
ਜੇ ਝੋਲੀ ਭਰ ਦੇਵੇ, 'ਉਹਦਾ' ਸ਼ੁਕਰ ਮਨਾਉਂਦੇ ਨੇ,
ਜੇ ਰੁੱਖੀ ਦੇਵੇ 'ਉਹ', ਤਾਂ ਵੀ ਜਸ ਗਾਉਂਦੇ ਨੇ ।
ਕੋਈ ਮੰਦਾ ਵੀ ਬੋਲੇ, ਇਹ ਗੁੱਸਾ ਕਰਦੇ ਨਾ,
ਕੋਈ ਲੜਨ ਦੀ ਸੋਚੇ ਵੀ, ਇਹ ਤਾਂ ਵੀ ਲੜਦੇ ਨਾ ।
ਇਹ ਸਭ ਨੂੰ ਪਿਆਰ ਕਰਨ, ਇਹ ਸਭ ਦੇ ਪਿਆਰੇ ਨੇ,
ਸਭ ਦਾ ਸਤਿਕਾਰ ਕਰਨ, ਸਭ ਦੇ ਸਤਿਕਾਰੇ ਨੇ ।
ਉੱਥੇ ਸਦਾ ਬਸੰਤ ਰਹੇ, ਕਦੇ ਪਤਝੜ ਆਵੇ ਨਾ,
ਉਹ ਹਰਦਮ ਖ਼ੁਸ਼ ਰਹਿੰਦੇ, ਗੁੱਸਾ ਮਨ ਭਾਵੇ ਨਾ ।
ਉਹ ਘਰ ਵਡਭਾਗੀ ਹੈ, ਜਿੱਥੇ ਪ੍ਰੇਮ ਦਾ ਵਾਸਾ ਹੈ,
ਜਿਥੇ ਕੋਈ ਲੜਦਾ ਨਹੀਂ, ਬੱਚਿਆਂ ਦਾ ਹਾਸਾ ਹੈ ।



www.AKJ.Org

### ਸ੍ਰੀ ਦਸਮੇਸ਼ ਜੀ ਦੀ ਮਹਾਨ ਕ੍ਰਿਤ

# ਸ੍ਰੀ ਜਾਪੁ ਸਾਹਿਬ

**ਨੋਟ** :—ਇੰਟਰਨੈਸ਼ਲ ਗੁਰਬਾਣੀ ਥਰੈਪੀ ਟ੍ਰਸਟ ਅੰਮ੍ਰਿਤਸਰ ਵਲੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਨਾਲ ਜੋੜਨ ਲਈ 'ਸੂਰਾ' ਪੱਤਰ ਵਿਚ ਕੁਝ ਲੇਖ ਦਿਤੇ ਗਏ ਸਨ ਅਤੇ ਸੁਖਮਨੀ ਸਾਹਿਬ ਦੀ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਪ੍ਰੇਮੀਆਂ ਨੂੰ ਗੁਰਬਾਣੀ ਥਰੈਪੀ ਟ੍ਰਸਟ ਵਲੋਂ ਸਨਮਾਨਤ ਕੀਤਾ ਗਿਆ ਸੀ। ਹੁਣ ਉਪਰੋਕਤ ਟ੍ਰਸਟ ਵਲੋਂ ਦਸਮ ਪਾਤਸ਼ਾਹ ਜੀ ਦੀਆਂ ਤਿੰਨ ਬਾਣੀਆਂ ਸ੍ਰੀ ਜਾਪੁ ਸਾਹਿਬ, ਤ੍ਵਪ੍ਰਸਾਦਿ ਸਵਯੇ ਤੇ ਬੇਨਤੀ ਚੌਪਈ, ਅਤੇ ਸੋਹਿਲਾ ਕੁਲ ਚਾਰ ਬਾਣੀਆਂ ਦੀ ਪ੍ਰੀਖਿਆ ਅਪ੍ਰੈਲ ੯੯ ਵਿਚ ਲਈ ਜਾਣੀ ਹੈ। ਸੋ ਇਨ੍ਹਾਂ ਬਾਣੀਆਂ ਬਾਰੇ ਹੇਠਾਂ ਲੜੀ ਵਾਰ ਦੀ ਜਾਣਕਾਰੀ ਦਿਤੀ ਜਾ ਰਹੀ ਹੈ। [ਸੰਪਾਦਕ

'ਸ੍ਰੀ ਜਾਪੁ ਸਾਹਿਬ' ਨਾਮ ਦੀ ਬਾਣੀ ਸ੍ਰੀ ਦਸਮ ਗ੍ਰੰਥ ਦੇ ਅਰੰਭ ਵਿਚ ਅੰਕਿਤ ਹੈ। 'ਸ੍ਰੀ ਦਸਮ ਗ੍ਰੰਥ' ਸ੍ਰੀ ਗੁਰੂ ਗ੍ਰੰਥ ਸਾਹਿਬ ਜਿਡੇ ਹੀ ਅਕਾਰ ਵਾਲਾ ਗ੍ਰੰਥ ਹੈ, ਜਿਸ ਵਿਚ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਬਾਣੀ ਸੰਚਤ ਕੀਤੀ ਹੋਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਖ ਵਖ ਸਤਿਗੁਰਾਂ ਦੀ ਬਾਣੀ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪, ਮਹਲਾ ੫, ਮਹਲਾ ੯ ਆਦਿ ਸਿਰਲੇਖਾਂ ਹੇਠ ਦਰਜ ਹੈ, ਜਦ ਕਿ ਦਸਮ ਗ੍ਰੰਥ ਵਿਚ ਬਾਣੀ ਉਤੇ ਸਿਰਲੇਖ 'ਪਾਤਿਸ਼ਾਹੀ ੧੦' ਹੈ। ਇਸ ਦਾ ਕਾਰਨ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਸਤਿਗੁਰਾਂ ਨੇ ਆਪ ਆਪਣੀ ਹੀਣ ਹਯਾਤ ਵਿਚ ਸੰਚਿਤ ਕੀਤੀ, ਪਰ ਦਸਮ ਗ੍ਰੰਥ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਉਹਨਾਂ ਦੇ ਜੋਤੀ ਜੋਤਿ ਸਮਾਉਣ ਮਗਰੋਂ ਭਾਈ ਸਾਹਿਬ ਭਾਈ ਮਨੀ ਸਿੰਘ ਜੀ (ਸ਼ਹੀਦ) ਰਾਹੀਂ ਸੰਚਿਤ ਕੀਤੀ ਗਈ ਅਤੇ ਵਖ ਵਖ ਬਾਣੀਆਂ ਉਤੇ 'ਪਾਤਿਸ਼ਾਹੀ ੧੦' ਸਿਰਲੇਖ ਭਾਈ ਸਾਹਿਬ ਵਲੋਂ ਦਿਤਾ ਗਿਆ।

ਜਿਸ ਤਰ੍ਹਾਂ 'ਮਹਲਾ ੩' ਸਿਰਲੇਖ ਵਿਚ ਆਏ ਅੰਕ '੩' ਦਾ ਉਚਾਰਨ 'ਤਿੰਨ ਨਹੀਂ', ਸਗੋਂ ''ਤੀਜਾ'' ਹੈ, ਏਸੇ ਤਰ੍ਹਾਂ 'ਪਾਤਿਸ਼ਾਹੀ ੧੦' ਸਿਰਲੇਖ ਵਿਚ ਆਏ ਅੰਕ '੧੦' ਦਾ ਉਚਾਰਨ 'ਦਸ' ਨਹੀਂ, ਸਗੋਂ 'ਦਸਵੀਂ' ਹੈ।

ਉਪਰ ਦਿਤੀ ਸੂਚਨਾ ਅਨੁਸਾਰ ਸ੍ਰੀ ਜਾਪੁ ਸਾਹਿਬ ''ਪਾਤਸ਼ਾਹੀ ੧੦ (ਦਸਵੀਂ)'' ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਰਚਨਾ ਹੈ। ਇਹ ਰਚਨਾ ਗੁਰੂ ਪਾਤਿਸ਼ਾਹ ਜੀ ਵਲੋਂ ਜਮਨਾ ਨਦੀ ਦੇ ਕੰਢੇ ਤੇ ਵਸੇ ਨਗਰ ਪਾਂਵਟਾ ਸਾਹਿਬ ਵਿਖੇ ਕੀਤੀ ਗਈ।

ਸ੍ਰੀ ਜਾਪੁ ਸਾਹਿਬ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੇ ਜਾਣ ਵਾਲੀਆਂ ਪੰਜ ਬਾਣੀਆਂ (ਸ੍ਰੀ ਜਪੁ ਜੀ, ਜਾਪੁ, ਤ੍ਵਪ੍ਰਸਾਦਿ ਸਵਯੇ, ਚੌਪਈ, ਅਨੰਦ ਸਾਹਿਬ) ਵਿਚੋਂ ਇਕ ਹੈ ਅਤੇ ਅੰਮ੍ਰਿਤਧਾਰੀ ਗੁਰਸਿਖਾਂ ਦੇ ਅੰਮ੍ਰਿਤ ਵੇਲੇ ਦੇ ਨਿਤਨੇਮ ਦੀਆਂ ਬਾਣੀਆਂ ਵਿਚ ਸ਼ਾਮਲ ਹੈ। ਪੁਰਾਤਨ ਰਹਿਤਨਾਮਿਆਂ ਵਿਚ ਇਸ ਦੇ ਨੇਮ ਨਾਲ ਪਾਠ ਕੀਤੇ ਜਾਣ ਦੀ ਕਰੜੀ ਤਾਕੀਦ ਹੈ :—

ਗੁਰਸਿਖ ਰਹਤ ਸੁਨਹੁ ਹੇ ਮੀਤੀ॥ ਪਰਭਾਤੇ ਉਠਿ ਕਰਿ ਹਿਤ ਚੀਤ॥
ਕਰਿ ਇਸ਼ਨਾਨ ਪੜ੍ਹੈ ਜਪੁ ਜਾਪੁ॥ ਵਾਹਿਗੁਰੂ ਗੁਰਮੰਤ੍ਰ ਸੁ ਜਾਪੁ॥ (ਭਾਈ ਨੰਦ ਲਾਲ ਜੀ)
ਜਪੁ ਜਾਪੁ ਪੜ੍ਹੇ ਬਿਨਾ ਜੋ ਜੇਵੇ ਪਰਸਾਦੁ॥
ਸੋ ਵਿਸਟਾ ਕਾ ਕਿਰਮ ਹੋਇ ਜਨਮ ਗਵਾਵੈ ਬਾਦ॥ (ਭਾ: ਦੇਸਾ ਸਿੰਘ ਜੀ)

ਸ੍ਰੀ ਜਾਪੁ ਸਾਹਿਬ ਵਿਚ ਅਦ੍ਰਿਸ਼ਟ ਵਾਹਿਗੁਰੂ ਦਾ ਸ਼ਬਦੀ ਚਿਤਰ ਚਿਤਰਿਆ ਹੋਇਆ ਹੈ। ਇਹ ਪਾਵਨ ਬਾਣੀ ਰਾਗਾਂ ਵਿਚ ਨਹੀਂ, ਛੰਦਾਂ ਵਿਚ ਹੈ; ਪਰ ਇਸ ਦੀ ਕਾਵਿ-ਬਣਤਰ ਬੜੀ ਸੁਆਦਲੀ ਤੇ ਰਾਗਾਤਮਿਕ (ਰਸੀਲੀ) ਹੈ।


www.AKJ.Org

ਇਸ ਵਿਚ ਅਕਾਲ ਪੁਰਖ ਦੇ ਵਖ ਵਖ ਕਰਮ-ਨਾਮ ਵਰਨਣ ਕਰ ਕੇ ਅਤੇ ਉਸ ਦੇ ਸਨਮੁਖ ਹੋ ਕੇ ਬਾਰ ਬਾਰ ਨਮਸਕਾਰ ਕੀਤੀ ਹੋਈ ਹੈ। 'ਨਮਸਤੰ' ਅਤੇ 'ਨਮੋ' ਸ਼ਬਦਾਂ ਦੀ ਬਾਰ ਬਾਰ ਕੀਤੀ ਵਰਤੋਂ ਪਾਠ ਕਰਨ ਵਾਲੇ ਦੀ ਸੁਰਤੀ ਨੂੰ ਕੀਲ ਲੈਂਦੀ ਹੈ ਤੇ ਸਮੁੱਚੇ ਪਾਠ ਵਿਚ ਅਕਾਲ ਪੁਰਖ ਦੀ ਹਜ਼ੂਰੀ ਦਾ ਅਨੰਦ ਬਣਿਆ ਰਹਿੰਦਾ ਹੈ। ਬਾਣੀ ਦੀ ਪ੍ਰਮੁਖ ਤੌਰ ਤੇ ਭਾਸ਼ਾ 'ਬ੍ਰਜ ਭਾਸ਼ਾ' ਹੈ, ਪਰ ਕਈ ਸ਼ਬਦ ਅਰਬੀ ਫ਼ਾਰਸੀ ਦੇ ਵੀ ਹਨ। ਕਈ ਥਾਈਂ ਬ੍ਰਜ ਭਾਸ਼ਾ ਅਤੇ ਅਰਬੀ ਫ਼ਾਰਸੀ ਦੇ ਸ਼ਬਦਾਂ ਦਾ ਬੜਾ ਸੁਆਦਲਾ ਸੁਮੇਲ ਕੀਤਾ ਮਿਲਦਾ ਹੈ; ਜਿਵੇਂ :—

ਸਰਬੰ ਕਲੀਮੇ, ਰਜ਼ੂਅਲ ਨਿਧਾਨੈ, ਹਮੇਸੁਲ ਅਭੇਖ,
ਬਹਿਸਤੁਲ ਨਿਵਾਸ, ਸਮਸਤੁਲ ਅਜ਼ੀਜ਼, ਸਮਸਤੁਲ ਕਲਾਮ,
ਸਰਬੁਲ ਗਵੰਨ, ਹਮੇਸੁਲ ਰਵੰਨ, ਅਦੇਸੁਲ ਅਲੇਖ, ਆਦਿ ॥

ਬਾਣੀ ਵੇਖਣ ਨੂੰ ਬੜੀ ਕਠਿਨ ਲਗਦੀ ਹੈ, ਪਰ ਤਜਰਬੇ ਵਿਚ ਆਇਆ ਹੈ ਕਿ ਇਸ ਨਾਲ ਪਰਚਾ ਪਾਇਆਂ ਅਤੇ ਇਸ ਦਾ ਰਲ ਕੇ ਸੰਗਤੀ ਰੂਪ ਵਿਚ ਪਾਠ ਕੀਤਿਆਂ ਇਹ ਬਾਣੀ ਬੜੀ ਛੇਤੀ ਕੰਠਾਗਰ ਹੋ ਜਾਂਦੀ ਹੈ। ਇਸ ਵਿਚ ਅਕਾਲ ਪੁਰਖ ਦੀ ਨਿਰੋਲ ਉਸਤਤਿ ਕੀਤੀ ਹੋਈ ਹੈ ਤੇ ਸੰਸਾਰ ਦੇ ਧਾਰਮਿਕ ਸਾਹਿਤ ਵਿਚ ਇਸ ਦਾ ਨਵੇਕਲਾ ਅਸਥਾਨ ਹੈ।

ਇਸ ਬਾਣੀ ਦੇ ਲਗਪਗ ੨੦੦ ਛੰਦ ਹਨ [ਗੁਟਕਿਆਂ ਵਿਚ ਅੰਕਾਂ ਦਾ ਫ਼ਰਕ ਹੈ–ਕਿਧਰੇ ੧੯੮, ਕਿਧਰੇ ੧੯੯ ਅਤੇ ਕਿਧਰੇ ੨੦੦ ਅੰਕ ਲਗੇ ਮਿਲਦੇ ਹਨ। ਬਾਣੀ ਓਨੀ ਹੀ ਹੈ, ਅੰਕ ਲਾਉਣ ਦਾ ਫ਼ਰਕ ਹੈ]। ਬਾਣੀ ਹੇਠ ਲਿਖੇ ਦਸ ਕਿਸਮ ਦੇ ਛੰਦਾਂ ਵਿਚ ਵੰਡੀ ਹੋਈ ਹੈ ਤੇ ਕਈ ਛੰਦ ਇਕ ਤੋਂ ਵਧੇਰੀ ਵਾਰੀ ਵੀ ਆਉਂਦੇ ਹਨ :—

| | | | |
|---|---|---|---|
| ੧. ਛਪੈ ਛੰਦ | ੧ ਵਾਰੀ | ੬. ਮਧੁਭਾਰ ਛੰਦ | ੨ ਵਾਰੀ |
| ੨. ਭੁਜੰਗ ਪ੍ਰਯਾਤ ਛੰਦ | ੬ ਵਾਰੀ | ੭. ਭਗਵਤੀ ਛੰਦ | ੧ ਵਾਰੀ |
| ੩. ਚਾਚਰੀ ਛੰਦ | ੫ ਵਾਰੀ | ੮. ਰਸਾਵਲ ਛੰਦ | ੧ ਵਾਰੀ |
| ੪. ਚਰਪਟ ਛੰਦ | ੨ ਵਾਰੀ | ੯. ਹਰਿਬੋਲਮਨਾ ਛੰਦ | ੧ ਵਾਰੀ |
| ੫. ਰੂਆਲ ਛੰਦ | ੧ ਵਾਰੀ | ੧੦. ਏਕ ਅਛਰੀ ਛੰਦ | ੧ ਵਾਰੀ |

ਇਸ ਬਾਣੀ ਦਾ ਵਿਸ਼ਾ-ਵਸਤੂ ਨਿਰੋਲ ਅਕਾਲ ਪੁਰਖ ਹੈ। ਅਕਾਲ ਪੁਰਖ ਅਦ੍ਰਿਸ਼ਟ ਹੈ। ਉਹ ਮੁੱਢਲੀ, ਦਿਬ-ਲਤੀਫ਼ੀ, ਸੁਤੇ-ਪ੍ਰਕਾਸ਼ ਹਸਤੀ ਹੈ ਅਤੇ ਅਨਾਦੀ (ਆਦਿ ਰਹਿਤ) ਹੈ। ਸਭ ਕੁਝ ਉਸ ਦੀ ਰਚਨਾ ਹੈ। ਉਸ ਦਾ ਪੈਦਾ ਕੀਤਾ ਕੋਈ ਵੀ ਜੀਵ ਉਸ ਦੀ ਹੋਂਦ-ਹਸਤੀ ਨੂੰ ਮੁਕੰਮਲ ਤੌਰ ਤੇ ਬਿਆਨ ਨਹੀਂ ਕਰ ਸਕਦਾ। ਸ੍ਰੀ ਜਾਪੁ ਸਾਹਿਬ ਵਿਚ ਅਕਾਲ ਪੁਰਖ ਦੇ ਕੁਝ ਕੁ 'ਕਰਮ-ਨਾਮਾਂ' ਦਾ ਹੀ ਵਰਨਣ ਹੈ :–

ਤਵ ਸਰਬ ਨਾਮ ਕਥੈ ਕਵਨ, ਕਰਮ ਨਾਮ ਬਰਨਤ ਸੁਮਤਿ ॥੧॥ (ਜਾਪੁ ਸਾਹਿਬ)

[ਕਰਮ ਨਾਮ—ਉਹ ਨਾਮ ਜੋ ਉਸ ਦੇ ਕੀਤੇ ਕੰਮਾਂ ਦੇ ਅਧਾਰ ਤੇ ਮਿਥੇ ਗਏ ਹੋਣ]

ਸ੍ਰੀ ਜਾਪ ਸਾਹਿਬ ਵਿਚ ਵਰਣਿਤ ਅਕਾਲ ਪੁਰਖ ਦੇ ਕਰਮ-ਨਾਮਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਅਕਾਲ ਪੁਰਖ ਦੀ ਹੋਂਦ-ਹਸਤੀ ਬਾਰੇ ਹੇਠ ਲਿਖੇ ਤਥਾਂ ਨੂੰ ਧਿਆਨ ਵਿਚ ਰਖੇ ਜਾਣ ਦੀ ਲੋੜ ਹੈ :—

## (ੳ) ਅਕਾਲ ਪੁਰਖ—ਮੁਢਲੀ ਸੁਤੇ-ਪ੍ਰਕਾਸ਼ ਹਸਤੀ—

ਦ੍ਰਿਸ਼ਟਸਾਨ (ਦਿਸਦੇ) ਅਤੇ ਅਦ੍ਰਿਸ਼ਟ (ਅਣਦਿਸਦੇ) ਸੰਸਾਰ ਨੂੰ ਹੋਂਦ ਵਿਚ ਲਿਆਉਣ ਵਾਲੀ ਪਰਮ-ਹਸਤੀ ਅਕਾਲ ਪੁਰਖ ਹੈ। ਇਹ ਪਰਮ ਹਸਤੀ ਕੇਵਲ ਇਕ (ਏਕੰਕਾਰ) ਹੈ। ਉਹ ਮੁਢਲੀ ਹਸਤੀ (ਆਦਿ ਪੁਰਖ) ਹੈ, ਜੋ ਸੁਤੇ ਪ੍ਰਕਾਸ਼ (ਸੁਯੰਭਵ, ਅਨਭਉ ਪ੍ਰਕਾਸ਼) ਹੈ। ਉਸ ਦਾ ਆਪਣਾ ਕੋਈ ਮੁਢ ਨਹੀਂ। ਉਹ 'ਅਨਾਦਿ' ਹੈ। ਇਹ ਪਰਮ ਹਸਤੀ ਸਰਬ-ਸ਼ਕਤੀਮਾਨ ਹੈ ਤੇ ਸਾਰੀਆਂ ਸ਼ਕਤੀਆਂ ਦਾ ਮੂਲ-ਸੋਮਾ ਹੈ। ਸੁਤੇ-ਪ੍ਰਕਾਸ਼ ਹੈ, ਉਸਦਾ ਜਨਮ ਨਹੀਂ, ਮਰਨ ਨਹੀਂ (ਅਜਨਮ ਹੈ, ਅਕਾਲ ਹੈ)। ਉਹ ਸਭ ਦਾ ਪਰਮ-ਪਿਤਾ ਪਰਮ-ਆਤਮਾ ਹੈ, ਪਰ ਉਹ ਆਪ "ਅਨਾਤਮ" ਹੈ, ਉਸ ਦਾ ਕੋਈ ਪਿਤਾ ਨਹੀਂ (ਨ ਤਾਤੈ), ਮਾਤਾ ਨਹੀਂ (ਨ ਮਾਤੈ)। ਉਸ ਵਰਗਾ



www.AKJ.Org

ਹੋਰ ਕੋਈ ਨਹੀਂ । ਉਹ ਸੁੰਦਰਤਾ ਦਾ ਮੂਲ-ਸੋਮਾ ਹੈ । ਸ੍ਰੀ ਜਾਪ ਸਾਹਿਬ ਵਿਚ ਉਸਦੀ ਕੋਮਲ ਸੁੰਦਰਤਾ (ਜਮਾਲ) ਅਤੇ ਪ੍ਰਚੰਡ ਤੇਜ (ਜਲਾਲ) ਦੇ ਸੁੰਦਰ ਨਮੂਨੇ ਮਿਲਦੇ ਹਨ ।

**(ਅ) ਨਿਰਗੁਨ-ਸਰਗੁਨ–**

ਅਕਾਲ ਪੁਰਖ ਅਦ੍ਰਿਸ਼ਟ ਹੈ। ਆਪਣੇ ਆਪ ਵਿਚ ਉਹ ਨਿਰਗੁਨ [ਮਾਇਆ ਦੇ ਤਿੰਨਾਂ ਗੁਣਾਂ ਤੋਂ ਅਤੀਤ] ਹੈ । ਉਸ ਦਾ ਕੋਈ ਵਜੂਦ ਨਹੀਂ (ਅਕਾਏ) । ਉਸ ਦਾ ਕੋਈ ਨਾਮ, ਠਾਮ, ਰੰਗ, ਰੂਪ, ਰੇਖ, ਭੇਖ, ਜਾਤਿ, ਬਰਨ, ਦੇਸ, ਭੇਸ ਨਹੀਂ । ਉਸ ਦਾ ਨਿਰਗੁਨ ਸਰੂਪ ਅਲੱਖ ਅਤੇ ਅਕੱਥ ਹੈ !

ਦੂਜੇ ਪਾਸੇ, ਇਹ ਪਰਕਿਰਤੀ ਅਥਵਾ ਮਾਇਆ ਅਕਾਲ ਪੁਰਖ ਨੇ ਆਪਣੇ ਹੁਕਮ ਵਿਚ ਰਚੀ ਹੋਈ ਹੈ । ਦ੍ਰਿਸ਼ਟਮਾਨ ਸਾਰਾ ਜਗਤ-ਪਸਾਰਾ ਪਰਕਿਰਤੀ ਅਥਵਾ ਮਾਇਆ ਹੈ ।

ਮਾਇਆ ਦੇ ਤਿੰਨ ਗੁਣ ਮੰਨੇ ਗਏ ਹਨ : ਸਤੋ ਗੁਣ, ਰਜੋ ਗੁਣ ਅਤ ਤਮੋ ਗੁਣ । ਮਾਇਆ ਦਾ ਰੂਪ, ਅਥਵਾ, ਉਸਦੇ ਤਿੰਨ ਗੁਣ ਅਕਾਲ ਪੁਰਖ ਤੋਂ ਹੀ ਹੋਏ ਹਨ, ਇਸ ਲਈ ਨਿਰਗੁਨ ਸਰੂਪ ਵਾਲਾ ਤ੍ਰਿਗੁਣ-ਅਤੀਤ ਅਕਾਲ ਪੁਰਖ ਮਾਇਆ ਦਾ ਰੂਪ ਰਚ ਕੇ ਉਸ ਦੇ ਤਿੰਨ ਗੁਣਾਂ (ਸਤੋ, ਰਜੋ, ਤਮੋ) ਵਿਚ ਵਿਆਪਕ ਹੋਇਆ ਪਿਆ ਹੈ । ਸਰਗੁਨ ਸਰੂਪ ਵਿਚ ਕਿਧਰੇ ਉਹ ਅੰਧਕਾਰੇ(ਤਮੋ ਗੁਣੀ),ਕਿਧਰੇ ਤੇਜ ਤੇਜੇ (ਰਜੋ ਗੁਣੀ),ਕਿਧਰੇ ਸਾਤ ਰੂਪੇ (ਸਤੋ ਗੁਣੀ) ਹੈ । ਕਿਧਰੇ ਉਹ 'ਰਾਗ ਰੂਪੇ' ਹੈ, ਕਿਧਰੇ 'ਕ੍ਰੂਰ ਕਰਮੇ' । ਕਿਧਰੇ 'ਕਲਹ ਕਰਤਾ' ਹੈ, ਕਿਧਰੇ 'ਸਾਤਿ ਰੂਪੇ' (ਨਮੋ ਰਾਜਸੰ ਤਾਮਸੰ ਸਾਤ ਰੂਪੇ ॥–੧੯੬) ਸ੍ਰੀ ਜਾਪੁ ਸਾਹਿਬ ਵਿਚ ਉਸਦੇ ਸਾਰੇ ਸਰਗੁਨ ਸਰੂਪਾਂ ਨੂੰ ਨਮਸਕਾਰ ਕੀਤੀ ਗਈ ਹੈ । ਉਹ ਏਕੰਕਾਰ ਅਨੇਕ ਰੂਪ ਧਾਰਨ ਕਰੀ ਬੈਠਾ ਹੈ, ਪਰ ਜਦੋਂ ਖੇਲ ਸੰਕੋਚਦਾ ਹੈ ਤਾਂ–'ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ'—(੮੧) ਹੋ ਜਾਂਦਾ ਹੈ ।

ਸਤੋ ਗੁਣੀ ਅਤੇ ਰਜੋ ਗੁਣੀ ਵਿਭੂਤੀਆਂ (ਐਸ਼ਵਰਜ) ਜੀਵਾਂ ਦੇ ਮਨਾਂ ਨੂੰ ਲੁਭਾਇਮਾਨ ਕਰਦੀਆਂ ਹਨ ਤੇ ਤਮੋ ਗੁਣੀ ਵਿਭੂਤੀਆਂ ਮਨ ਵਿਚ ਭੈ ਪੈਦਾ ਕਰਦੀਆਂ ਹਨ । ਇਹਨਾਂ ਤਿੰਨਾਂ ਗੁਣਾਂ ਦੀਆਂ ਤਾਕਤਾਂ ਅਕਾਲ ਪੁਰਖ ਦੀ ਹੀ ਦੇਣ ਹਨ । ਇਹਨਾਂ ਤਾਕਤਾਂ ਦੇ ਮਾਲਕ ਭਾਵੇਂ ਕਿੰਨੇ ਵਡੇ ਹੋਣ, ਅਕਾਲ ਪੁਰਖ ਮੂਹਰੇ ਤੁੱਛ ਹਨ ।

ਸ੍ਰੀ ਜਾਪ ਸਾਹਿਬ ਵਿਚ ਅਕਾਲ ਪੁਰਖ ਨੂੰ ਸਾਰੀਆਂ ਤ੍ਰਿਗੁਣੀ ਵਿਭੂਤੀਆਂ ਦਾ ਸਿਰਮੌਰ ਮਾਲਕ ਕਰਕੇ ਨਿਰੂਪਣ ਕੀਤਾ ਗਿਆ ਹੈ ।

**ਸਤੋ-ਗੁਣੀ ਵਿਭੂਤੀਆਂ ਦਾ ਸਿਰਮੌਰ ਮਾਲਕ—**

ਦੇਵ ਦੇਵੇ, ਰਿਧ ਰਿਧੇ, ਸਿਧ ਸਿਧੇ, ਦਾਨਿ ਦਾਨੇ, ਜੋਗ ਜੋਗੇਸੂਰੇ, ਆਦਿ ।

**ਰਜੋ-ਗੁਣੀ ਵਿਭੂਤੀਆਂ ਦਾ ਸਿਰਮੌਰ ਮਾਲਕ—**

ਰਾਜ ਰਾਜੇ, ਸਾਜ ਸਾਜੇ, ਸਾਹ ਸਾਹੇ, ਭਾਨੁ ਭਾਨੇ, ਚੰਦ੍ਰ ਚੰਦ੍ਰੇ, ਭੂਪ ਭੂਪੇ, ਜੁਧ ਜੁਧੇ, ਬਾਂਕ ਬੰਕੇ, ਇੰਦ੍ਰ ਇੰਦ੍ਰੇ, ਬਾਲਾਨ ਬਾਲ, ਨ੍ਰਿਪ ਨਾਇਕ, ਆਦਿ ।

**ਤਮੋ ਗੁਣੀ ਵਿਭੂਤੀਆਂ ਦਾ ਸਿਰਮੌਰ ਮਾਲਕ–**

ਕਾਲਾਨ ਕਾਲ, ਕਾਲ ਕਾਲੇ, ਅੰਧਕਾਰੇ, ਕ੍ਰੂਰ ਕਰਮੇ, ਤਾਮਸੰ ਰੂਪੇ, ਕਲਹ ਕਰਤਾ, ਸਰਬ ਸੋਖੰ, ਰੋਖ ਰੋਖੇ, ਸੋਖ ਸੋਖੇ, ਸਰਬ ਰੋਗੇ, ਸਰਬ ਕੋ ਪੁਨਿ ਕਾਲ, ਸਰਬੰ ਹੰਤਾ, ਸਰਬੰ ਦਲੀ, ਪ੍ਰਮਾਥੰ ਪ੍ਰਮਾਥੇ, ਆਦਿ ।

**(ੲ) ਕਰਤਾ, ਭਰਤਾ, ਹਰਤਾ–**

ਅਕਾਲ ਪੁਰਖ ਦੀ ਹਸਤੀ ਨਿਰਾ ਨੂਰ ਹੈ । ਉਹ ਸੁਤੇ ਪ੍ਰਕਾਸ਼ ਹੈ, ਕਿਸੇ ਦਾ ਕੀਤਾ ਹੋਇਆ ਨਹੀਂ (ਅਥਾਪੇ) । ਉਸ ਦਾ ਕਦੀ ਵਿਨਾਸ਼ ਨਹੀਂ ਹੁੰਦਾ (ਅਕਾਲੇ, ਅਭੰਜੇ, ਅਨਾਸ) । ਪਰ ਉਹ ਸਾਰੇ ਤ੍ਰਿਗੁਣੀ ਜੀਵ-ਜੰਤੂਆਂ ਦਾ ਕਰਤਾ (ਪੈਦਾ ਕਰਨ ਵਾਲਾ), ਭਰਤਾ (ਪਾਲਨਾ ਪੋਸਨਾ ਕਰਨ ਵਾਲਾ) ਅਤੇ ਹਰਤਾ (ਨਾਸ ਕਰਨ ਵਾਲਾ) ਹੈ । ਬ੍ਰਹਮਾ, ਬਿਸਨ, ਮਹੇਸ, ਜਿਨ੍ਹਾਂ ਨੂੰ ਜੀਵਾਂ ਦਾ ਕਰਤਾ, ਭਰਤਾ, ਹਰਤਾ ਮੰਨਿਆ ਜਾਂਦਾ ਹੈ, ਦਰ-ਅਸਲ ਅਕਾਲ ਪੁਰਖ ਦੇ ਹੀ ਪੈਦਾ ਕੀਤੇ ਹੋਏ ਹਨ, ਅਤੇ ਇਹ ਨਾਉਂ ਉਸਦੀ ਕਲਾ (ਸਤਿਆ) ਦੇ ਹੀ ਹਨ:–



www.AKJ.Org

ਬ੍ਰਹਮਾ ਬਿਸਨੁ ਮਹੇਸੁ ਇਕ ਮੂਰਤਿ ਆਪੇ ਕਰਤਾ ਕਾਰੀ ॥੧੨॥ (ਰਾਮਕਲੀ ਮ: ੧, ਪੰਨਾ ੯੦੮)

ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥ ਊਭੇ ਸੇਵਹਿ ਅਲਖ ਅਪਾਰੈ ॥੧੪॥(ਮਾਰੂ ਸੋਲਹੇ ਮ: ੧, ਪੰਨਾ ੧੦੨੨)

ਵਾਹਿਗੁਰੂ ਦੇ ਪਹਿਲੇ ਦੋਵੇਂ ਕਰਤੱਵ (ਕਰਤਾ ਅਤੇ ਭਰਤਾ) ਸਾਨੂੰ ਬਹੁਤ ਭਾਉਂਦੇ ਹਨ, ਪਰ ਤੀਜਾ ਕਰਤੱਵ (ਹਰਤਾ–ਨਾਸ ਕਰਨ ਵਾਲ) ਜਗਤ ਨੂੰ ਮਨ ਕਰਕੇ ਨਹੀਂ ਭਾਉਂਦਾ। ਪਰ ਵਾਸਤਵ ਵਿਚ ਇਹ ਤਿੰਨੇ ਕਰਤੱਵ ਉਸ ਦੀਆਂ ਵਖ ਵਖ ਨਿਆਮਤਾਂ (ਬਖ਼ਸ਼ਸ਼ਾਂ) ਹਨ। ਜੀਵਾਂ ਨੂੰ ਨਾਸ ਕਰਨ ਵਾਲਾ ਕਰਤੱਵ ਵੀ ਓਨਾ ਹੀ ਮਹੱਤਵ-ਪੂਰਨ ਅਤੇ ਵਿਸਮਾਦ-ਜਨਕ ਹੈ ਜਿੰਨੇ 'ਪੈਦਾ ਕਰਨ ਵਾਲਾ' ਅਤੇ 'ਪਾਲਨਾ ਕਰਨ ਵਾਲਾ' ਦੋਵੇਂ ਕਰਤੱਵ ਹਨ। ਜੇ ਪੈਦਾ ਕੀਤੇ ਵਿਚੋਂ ਕੁਝ ਵੀ ਨਾਸ ਨ ਹੋਵੇ ਤਾਂ ਅੰਦਾਜ਼ਾ ਲਾਈਏ, ਸੰਸਾਰ ਨਰਕ ਬਣ ਜਾਵੇ। ਹਰ ਥਾਵੇਂ ਪੁਰਾਣੇ, ਬੁੱਢੇ ਬੋਸੀਦਾ (ਜਰਜਰੇ), ਸੁਕੇ-ਸੜੇ ਸਰੂਪ ਹੀ ਨਜ਼ਰੀ ਆਉਣ। ਬਲਿਹਾਰ! ਉਸ ਦੀ ਲੈਅ (ਨਾਸ) ਕਰਨ ਵਾਲੀ ਸੱਤਿਆ ਦੇ, ਜਿਸਦੇ ਫਲ-ਸਰੂਪ ਪੁਰਾਣੇ ਉਮਰਾਂ ਭੋਗ ਚੁਕੇ ਦ੍ਰਿਸ਼ਟਮਾਨ ਸਾਰੇ ਤ੍ਰਿਗੁਣੀ ਸਰੂਪ ਹਰ ਛਿਨ ਨਵਿਆਂ ਤਾਜ਼ੇ ਸਰੂਪਾਂ ਵਿਚ ਤਬਦੀਲ ਹੋ ਰਹੇ ਹਨ। ਤਬਦੀਲੀ ਵਿਚ ਜੀਵਨ ਦੀ ਤਾਜ਼ਗੀ ਤੇ ਸੁਹਜ-ਸਵਾਦ ਦਾ ਭੇਤ ਲੁਕਿਆ ਹੋਇਆ ਹੈ। ਲੈਅ (ਨਾਸ) ਕਰਨ ਵਾਲਾ ਕਰਤੱਵ ਇਹ ਤਬਦੀਲੀ, ਅਥਵਾ, ਤਾਜ਼ਗੀ ਲਿਆਉਣ ਦਾ ਹੀ ਇਕ ਵਸੀਲਾ ਹੈ।

**(ਸ) ਚੇਤਨਾ ਸ਼ਕਤੀ–ਮਾਦੀ ਹੋਂਦ–**

ਵਾਹਿਗੁਰੂ ਨੂਰ ਹੈ, ਪ੍ਰਕਾਸ਼ ਹੈ। ਉਸਦੀ ਹਸਤੀ ਮਾਦੀ (material) ਨਹੀਂ, ਸਗੋਂ ਨੂਰੀ (ਪ੍ਰਕਾਸ਼ ਵਾਲੀ) ਹੈ। ਉਸਦੇ ਪ੍ਰਕਾਸ਼ ਅਤੇ ਸਾਡੇ ਸੰਸਾਰੀ ਪ੍ਰਕਾਸ਼ ਵਿਚ ਬਹੁਤ ਫ਼ਰਕ ਹੈ। ਸਾਡਾ ਪ੍ਰਕਾਸ਼ ਮਾਦੀ ਹੈ। ਦੁਨੀਆਵੀ ਪ੍ਰਕਾਸ਼ ਤਾਂ ਹੀ ਹੋ ਸਕਦਾ ਹੈ ਜੇ ਦੀਵਾ ਹੋਵੇ, ਵੱਟੀ ਹੋਵੇ, ਤੇਲ ਹੋਵੇ, ਮਾਚਸ ਹੋਵੇ, ਅਥਵਾ, ਬਿਜਲੀ ਦੀ ਤਾਰ, ਸਵਿਚ, ਬਲਬ ਆਦਿ ਹੋਵੇ। ਇਹ ਮਾਦੀ ਪ੍ਰਕਾਸ਼ ਅਗਨੀ ਤੱਤ ਦਾ ਹੀ ਪ੍ਰਗਟਾਅ ਹੈ। ਅਕਾਲ ਪੁਰਖ ਦਾ ਪ੍ਰਕਾਸ਼ ਸ੍ਵੈ-ਚੇਤਨਾ ਹੈ–ਉਹ ਚੇਤਨਾ ਜੋ ਸਾਰੇ ਜੀਵਾਂ ਨੂੰ ਚੇਤਨਾ ਪ੍ਰਦਾਨ ਕਰਦੀ ਹੈ। ਉਸਦੀ ਜੋਤਿ ਸਭ ਕਾਸੇ ਵਿਚ ਜਲਵਾਗਰ ਹੈ।

ਦ੍ਰਿਸ਼ਟਮਾਨ ਸਾਰੇ ਸੰਸਾਰ ਦੀ ਰਚਨਾ ਮਾਦੇ (matter) ਤੋਂ, ਅਥਵਾ, ਪੰਜਾਂ ਤੱਤਾਂ (ਪਉਣ, ਪਾਣੀ, ਅਗਨੀ, ਅਕਾਸ਼, ਅਤੇ ਪ੍ਰਿਥਵੀ) ਤੋਂ ਹੋਈ ਹੈ ਤੇ ਇਹ ਸਾਰੀ ਰਚਨਾ ਮਾਦੀ (material) ਹੈ। ਇਹ ਪੰਜ ਤੱਤ ਅਕਾਲ ਪੁਰਖ ਨੇ ਰਚੇ ਹਨ ਤੇ ਸੰਸਾਰ ਦੀ ਸਾਰੀ ਜਾਨ ਅਤੇ ਬੇਜਾਨ ਰਚਨਾ ਇਹਨਾਂ ਤੱਤਾਂ ਤੋਂ ਬਣੀ ਹੈ। ਪਰ ਅਕਾਲ ਪੁਰਖ ਦੀ ਹੋਂਦ-ਹਸਤੀ ਇਹਨਾਂ ਮਾਦੀ ਤੱਤਾਂ ਦੀ ਨਹੀਂ (ਅਭੂਤ ਹੈ, ਅਭੂ ਹੈ)। ਸਾਰੀ ਮਾਦੀ ਰਚਨਾ ਕਾਲ (Time) ਅਤੇ ਦੇਸ (Space) ਦੀ ਕੈਦ ਵਿਚ ਹੈ। ਪਰ ਅਕਾਲ ਪੁਰਖ 'ਅਕਾਲ' ਹੈ, 'ਅਦੇਸ' ਹੈ।

ਮਾਦੀ ਰਚਨਾ ਦੇ 'ਅਸਥੂਲ ਵਜੂਦ' ਦਾ ਨਾਮ, ਠਾਮ, ਦੇਸ, ਵੇਸ, ਰੂਪ, ਰੰਗ ਆਦਿ ਹਨ, ਜੋ ਪੈਦਾ ਹੁੰਦੇ ਹਨ, ਛਿਨ ਛਿਨ ਬਦਲਦੇ ਰਹਿੰਦੇ ਹਨ ਅਤੇ ਅੰਤ ਵਿਚ ਮਿਟ ਜਾਂਦੇ ਹਨ, ਪਰ ਚੇਤਨਾ ਅਜਨਮ ਹੈ, ਅਮਰਨ ਹੈ, ਅਜੂ ਹੈ, ਅਭੂ ਹੈ, ਅਨਾਮ ਹੈ, ਅਠਾਮ ਹੈ, ਅਦੇਸ ਹੈ, ਅਭੇਸ ਹੈ, ਅਰੂਪ ਹੈ, ਅਰੰਗ ਹੈ। ਮਾਦੀ ਰਚਨਾ ਛਿਨ-ਭੰਗਰ ਹੈ, ਪਰ ਅਕਾਲ ਪੁਰਖ ਦੀ ਨੂਰੀ ਚੇਤਨਾ ਸਦੀਵੀ ਹੈ।

ਸ੍ਰੀ ਜਾਪ ਸਾਹਿਬ ਵਿਚ ਮਾਦੀ ਜੀਵ ਜੰਤੂਆਂ ਦੀ ਮਾਦੀ ਹੋਂਦ-ਹਸਤੀ ਤੋਂ ਅਕਾਲ ਪੁਰਖ ਦੀ ਨੂਰੀ ਹਸਤੀ ਦੀ ਵਿਲੱਖਣਤਾ, ਵਿਸ਼ੇਸ਼ਤਾ ਅਤੇ ਸਰਬ-ਸ੍ਰੇਸ਼ਟਤਾ ਦਰਸਾਉਣ ਲਈ ਮਾਦੀ ਹੋਂਦ-ਹਸਤੀਆਂ ਦੇ ਪ੍ਰਤੀਕ ਸਰਨਾਵਾਂ ਨਾਲ 'ਅ' ਨ੍ਰਿ' ਨਿਖੇਧ-ਅਰਥਕ ਅਗੇਤਰ-ਪਦਾਂ (Prefixes) ਜਾਂ ਵਖਰੇ 'ਨ' ਦੀ ਵਰਤੋਂ ਕੀਤੀ ਮਿਲਦੀ ਹੈ; ਜਿਵੇਂ :–

| ਮਾਦੀ ਨਾਂਵ | ਅਕਾਲ ਪੁਰਖ ਲਈ ਵਰਤੇ ਨਾਂਵ | ਮਾਦੀ ਨਾਂਵ | ਅਕਾਲ ਪੁਰਖ ਲਈ ਵਰਤੇ ਨਾਂਵ |
|---|---|---|---|
| ਨਾਮ | ਅਨਾਮੇ, ਨ੍ਰਿਨਾਮੇ | ਰੰਗ | ਅਰੰਗੇ, ਨ ਰੰਗੇ |
| ਠਾਮ | ਅਠਾਮ | ਰੂਪ | ਅਰੂਪੇ, ਨ ਰੂਪੇ |



www.AKJ.Org

| | | | |
|---|---|---|---|
| ਦੇਸ | ਅਦੇਸੇ, ਨ੍ਰਿਦੇਸੇ | ਜਾਤਿ | ਅਜਾਤੇ, ਨ ਜਾਤੇ |
| ਭੇਸ | ਅਭੇਸੇ, ਨ੍ਰਿਭੇਸੇ | ਰਾਗ, ਰੰਗ | ਨ ਰਾਗੇ, ਨ ਰੰਗੇ |
| ਭੂਤ | ਅਭੂਤੇ | ਮਜਬ | ਅਮਜਬੇ |
| ਧੂਤ | ਅਵਧੂਤੇ, ਨ੍ਰਿਧੂਤੇ | ਭਰਮ | ਅਭਰਮੇ, ਨ੍ਰਿਭਰਮੇ |

# ਤ੍ਵ ਪ੍ਰਸਾਦਿ ਸਵਯੇ

"ਤ੍ਵ ਪ੍ਰਸਾਦ ਸਵਯੇ" ਸ੍ਰੀ ਅਕਾਲ ਉਸਤਤਿ ਦਾ ਭਾਗ ਹਨ, ਜੋ ਪਾਤਸ਼ਾਹੀ ਦਸਵੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਇਹ ਗਿਣਤੀ ਵਿਚ (੧੦) ਹਨ। ਇਹ ਬਾਣੀ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੇ ਜਾਣ ਵਾਲੀਆਂ ਪੰਜ ਬਾਣੀਆਂ ਵਿਚੋਂ ਇਕ ਹੈ, ਇਸ ਲਈ ਇਸ ਨੂੰ 'ਸੁਧਾ ਸਵਯੇ' ਅਥਵਾ 'ਅੰਮ੍ਰਿਤ ਸਵਯੇ' ਵੀ ਕਿਹਾ ਜਾਂਦਾ ਹੈ। ਇਹ ਵੀ ਅੰਮ੍ਰਿਤਧਾਰੀ ਗੁਰਸਿਖਾਂ ਦੇ ਅੰਮ੍ਰਿਤ ਵੇਲੇ ਦੇ ਨਿਤਨੇਮ ਦੀ ਬਾਣੀ ਹੈ।

ਇਸ ਬਾਣੀ ਦਾ ਪ੍ਰਮੁਖ ਵਿਸ਼ਾ ਇਹ ਹੈ ਕਿ ਤ੍ਰਿਗੁਣੀ ਵਿਭੂਤੀਆਂ (ਸ਼ਕਤੀਆਂ) ਭਾਵੇਂ ਸਾਤਵਿਕ ਹੋਣ, ਭਾਵੇਂ ਰਾਜਸਿਕ ਅਤੇ ਭਾਵੇਂ ਤਾਮਸਿਕ, ਉਹ ਸੰਸਾਰੀ ਜੀਵਾਂ ਨੂੰ ਤਾਂ ਜ਼ਰੂਰ ਪ੍ਰਭਾਵਤ ਕਰ ਸਕਦੀਆਂ ਹਨ, ਪਰ ਵਾਸਤਵ ਵਿਚ ਉਹ ਮੂਲੋਂ ਹੀ ਤੁਛ ਹਨ। ਉਹਨਾਂ ਦੀ ਪ੍ਰਾਪਤੀ ਮਨੁਖ ਦਾ ਕੁਝ ਨਹੀਂ ਸਵਾਰਦੀ, ਮਨੁਖ ਦਾ ਅੰਦਰਲਾ ਇਹਨਾਂ ਨਾਲ ਤ੍ਰਿਪਤ ਨਹੀਂ ਹੁੰਦਾ ਅਤੇ ਅੰਤ ਨੂੰ ਮਨੁਖ ਸੰਸਾਰ ਤੋਂ ਖ਼ਾਲੀ ਹਥੀਂ ਹੀ ਕੂਚ ਕਰਦਾ ਹੈ। ਪ੍ਰਭੂ ਦੀ ਦਰਗਾਹ ਵਿਚ ਇਹਨਾਂ ਦਾ ਕੌਡੀ ਮੁਲ ਨਹੀਂ ਪੈਂਦਾ। ਜਿਹੜੀ ਵਸਤੂ ਮਨੁਖ ਦਾ ਹਲਤ ਪਲਤ ਸਵਾਰਨ ਵਾਲੀ ਹੈ, ਉਹ ਹੈ ਸ੍ਰੀ ਭਗਵਾਨ (ਵਾਹਿਗੁਰੂ) ਦੀ ਨਿਸ਼ਕਾਮ ਭਗਤੀ ਅਤੇ ਭਗਤੀ ਦੁਆਰਾ ਪ੍ਰਾਪਤ ਹੋਈ ਪ੍ਰਭੂ ਦੀ ਕਿਰਪਾ (ਬਖ਼ਸ਼ਸ਼)। ਦੁਨੀਆਵੀ ਐਸ਼ਵਰਜ, ਭਾਵ, ਰਾਜ-ਸਾਜ, ਬਾਹੂ-ਬਲ, ਲਾਉ-ਲਸ਼ਕਰ, ਇਹ ਸਭ ਕੁਝ ਪ੍ਰਭੂ ਦੀ ਦਾਤਿ ਹੈ ਤੇ ਉਸ ਸਰਬ ਸ਼ਕਤੀਮਾਨ ਦਾਤਾਰ ਦੇ ਸਾਹਵੇਂ ਪਾਤਿਸ਼ਾਹ, ਸੂਰਬੀਰ, ਬਹਾਦਰ ਜੋਧੇ ਸਭ ਮੰਗਤੇ ਹਨ। ਕਰਮ-ਕਾਂਡ ਅਤੇ ਪਾਖੰਡ ਕਰਮਾਂ ਨੂੰ 'ਕੂਰ ਕਿਰਿਆ' ਦਸ ਕੇ ਇਹਨਾਂ ਦੀ ਨਿਖੇਧੀ ਕੀਤੀ ਹੋਈ ਹੈ ਅਤੇ ਮਨੁਖ ਨੂੰ ਪ੍ਰੇਮ ਧਾਰਨ ਕਰਨ ਤੇ ਪ੍ਰਭੂ ਦੇ ਲੜ ਲਗਣ ਦੀ ਪ੍ਰੇਰਨਾ ਕੀਤੀ ਹੋਈ ਹੈ।

# ਬੇਨਤੀ ਚੌਪਈ

ਇਸ ਪਾਵਨ ਬਾਣੀ ਦਾ ਸਿਰਲੇਖ ਹੈ "ਪਾ: ੧੦" ਕਬਿਯੋ ਬਾਚ ਬੇਨਤੀ ॥ ਚੌਪਈ॥ ਇਸ ਪਾਵਨ ਬਾਣੀ ਦੇ ੨੫ ਪਦੇ ਹਨ ਅਤੇ ਇਹ ਪਾਤਿਸ਼ਾਹੀ ਦਸਵੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਇਹ ਬਾਣੀ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੇ ਜਾਣ ਵਾਲੀਆਂ ਪੰਜ ਬਾਣੀਆਂ ਵਿਚੋਂ ਇਕ ਹੈ। ਇਹ ਵੀ ਅੰਮ੍ਰਿਤਧਾਰੀ ਗੁਰਸਿਖਾਂ ਦੇ ਅੰਮ੍ਰਿਤ ਵੇਲੇ ਦੇ ਨਿਤਨੇਮ ਦੀ ਬਾਣੀ ਹੈ। ਇਸ ਬਾਣੀ ਦਾ ਪਾਠ ਸ਼ਾਮ ਨੂੰ ਸੋ ਦਰੁ ਰਹਿਰਾਸ ਨਾਲ ਵੀ ਕੀਤਾ ਜਾਂਦਾ ਹੈ।

ਜਿਵੇਂ ਇਸ ਬਾਣੀ ਦੇ ਸਿਰਲੇਖ ਤੋਂ ਹੀ ਵਿਦਤ ਹੈ, ਇਹ ਬਾਣੀ 'ਬੇਨਤੀ' ਹੈ। ਇਸ ਵਿਚ ਅਕਾਲ ਪੁਰਖ ਤੋਂ ਜਾਚਨਾ ਕੀਤੀ ਗਈ ਹੈ। ਬੇਨਤੀ ਦੀਆਂ ਪ੍ਰਮੁਖ ਮੰਗਾਂ ਇਹ ਹਨ :–

(ੳ) ਮੇਰੀ ਅਤੇ ਮੇਰੇ ਸਿਖ ਪਰਵਾਰ ਦੀ, ਦੁਸ਼ਟ-ਦੋਖੀਆਂ ਅਤੇ ਕਾਲ ਦੇ ਭੈ ਤੋਂ ਰਖਿਆ ਹੋਵੇ। ਦੁਸ਼ਟ ਦੋਖੀਆਂ ਦਾ ਨਾਸ ਹੋਵੇ।

(ਅ) ਅਕਾਲ ਪੁਰਖ ਦੇ ਭਜਨ ਦੀ ਦਾਤਿ, ਅਥਵਾ, ਚਰਨਾਂ ਦਾ ਪਿਆਰ ਪ੍ਰਾਪਤ ਹੋਵੇ।

(ੲ) ਅਕਾਲ ਪੁਰਖ ਉਤੇ ਪੂਰਨ ਸ਼ਰਧਾ ਅਤੇ ਦ੍ਰਿੜ੍ਹ ਨਿਸਚੇ ਦੀ ਦਾਤਿ ਮਿਲੇ।

(ਸ) ਜੀਵਨ ਦੇ ਹਰ ਪੱਖ ਵਿਚ ਸਹਾਇਤਾ ਹੋਵੇ।



www.AKJ.Org

ਇਸ ਵਿਚ ਕਈ ਦਾਰਸ਼ਨਿਕ ਨੁਕਤੇ ਵੀ ਹਨ :–

(ੳ) ਇਸ ਕਾਲ ਦੇ ਤਮਾਸ਼ੇ ਵਿਚ ਮਨੁਖ ਤਾਂ ਕੀ, ਬ੍ਰਹਮਾ ਬਿਸ਼ਨ ਮਹੇਸ਼ ਵੀ ਕਾਲ-ਵਸ ਹਨ।

(ਅ) ਗੁਰੂ ਉਹ ਪਰਮ ਹਸਤੀ ਹੈ, ਜੋ ਸ੍ਰਿਸ਼ਟੀ ਦੇ ਆਦਿ ਵਿਚ ਵੀ ਮੌਜੂਦ ਸੀ ਅਤੇ ਇਸ ਦੇ ਅੰਤ ਵਿਚ ਵੀ ਰਵੇਗੀ।

(ੲ) ਸੰਸਾਰ ਦੀ ਰਚਨਾ ਅਕਾਲ ਪੁਰਖ ਨੇ ਆਪਣੇ ਹੁਕਮ ਵਿਚ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਦੁਆਰਾ ਕੀਤੀ ਹੋਈ ਹੈ।

(ਸ) ਸੰਸਾਰ ਦੀ ਪ੍ਰਥਮ ਸਿਰਜਨਾ ਬਾਰੇ ਕਿਸੇ ਨੂੰ ਗਿਆਨ ਨਹੀਂ। ਜਦੋਂ ਕਰਤਾ ਪੁਰਖ 'ਉਦਕਰਖਣ' ਸ਼ਕਤੀ ਦਾ ਪ੍ਰਯੋਗ ਕਰਦਾ ਹੈ ਤਾਂ ਨਾਨਾ ਪ੍ਰਕਾਰੀ ਰਚਨਾ ਹੋਂਦ ਵਿਚ ਆ ਜਾਂਦੀ ਹੈ ਅਤੇ ਜਦੋਂ ਉਹ ਆਪਣੀ ਰਜ਼ਾ ਵਿਚ 'ਆਕਰਖਣ' ਸ਼ਕਤੀ ਦਾ ਪ੍ਰਯੋਗ ਕਰਦਾ ਹੈ ਤਾਂ ਸਾਰੀ ਦ੍ਰਿਸ਼ਟਮਾਨ ਰਚਨਾ ਉਸ ਵਿਚ ਸਮਾਅ ਜਾਂਦੀ ਹੈ।

(ਹ) ਏਕੰਕਾਰ ਨਿਰਗੁਨ ਅਕਾਲ ਪੁਰਖ ਹੀ ਆਪਣੀ ਰਜ਼ਾ ਵਿਚ ਸਰਗੁਨ ਰਚਨਾ ਰਚ ਕੇ ਕਿਧਰੇ ਅਮੀਰ ਬਣਿਆ ਬੈਠਾ ਹੈ, ਕਿਧਰੇ ਕੰਗਾਲ। ਕਰਤਾ ਪੁਰਖ ਹੀ ਕਿਧਰੇ ਬ੍ਰਹਮਾ ਬਣਿਆ ਬੈਠਾ ਹੈ, ਕਿਧਰੇ ਬਿਸਨੁ ਅਤੇ ਕਿਧਰੇ ਮਹੇਸ਼। ਇਹ ਤ੍ਰਿਮੂਰਤੀ (ਬ੍ਰਹਮਾ, ਬਿਸ਼ਨ ਅਤੇ ਮਹੇਸ਼) ਵਾਹਿਗੁਰੂ ਦੀ ਸਾਜੀ ਹੋਈ ਹੈ ਅਤੇ ਉਸ ਦੇ ਹੁਕਮ ਵਿਚ ਕਾਰ ਕਰਦੀ ਹੈ। ਸਦਾ-ਸ਼ਿਵ (ਸਦਾ ਥਿਰ ਰਹਿਣ ਵਾਲਾ) ਵਾਹਿਗੁਰੂ ਹੈ, ਮਹਾ-ਦੇਉ ਨਹੀਂ। ਪੱਥਰ ਦੀ ਮੂਰਤੀ ਨੂੰ ਪ੍ਰਮਾਤਮਾ ਜਾਨਣਾ ਮਹਾਂ ਮੂਰਖਤਾ ਹੈ।

(ਕ) ਸ੍ਰੀ ਅਸਿਧੁਜ, ਸ੍ਰੀ ਅਸਕੇਤ, ਖੜਗਕੇਤ ਆਦਿ ਸਰਨਾਵਾਂ ਵਾਲਾ ਅਕਾਲ ਪੁਰਖ ਸਰਬ ਸ਼ਕਤੀਮਾਨ ਹੈ, ਉਸਦਾ ਤਨਕ ਮਾਤ੍ਰ ਸਿਮਰਨ ਜੀਵ ਨੂੰ ਕਾਲ ਜਾਲ ਤੋਂ ਮੁਕਤ ਕਰ ਦਿੰਦਾ ਹੈ। ਉਸਦੀ ਚਰਨ ਸਰਨ ਵਿਚ ਸਾਰੇ ਦੁਸ਼ਟ ਅਰਿਸ਼ਟ ਖੈ ਹੋ ਜਾਂਦੇ ਹਨ।

(ਖ) ਦੁਖ ਸੁਖ ਤੋਂ ਨਿਰਲੇਪ ਵਾਹਿਗੁਰੂ ਸੰਤਾਂ ਦੇ ਦੁਖੀ ਕੀਤੇ ਜਾਣ ਤੇ ਦੁਖ ਅਤੇ ਉਹਨਾਂ ਦੇ ਸੁਖੀ ਹੋਣ ਤੇ ਸੁਖ ਅਨਭਵ ਕਰਦਾ ਹੈ।

## ਸੋਹਿਲਾ

ਇਹ ਪਾਵਨ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਸੋਦਰ-ਸੋਪੁਰਖ ਤੋਂ ਮਗਰੋਂ ਅਤੇ ਸਿਰੀ ਰਾਗ ਤੋਂ ਪਹਿਲੋਂ ਅੰਕਤ ਹੈ। ਇਸ ਦੇ ਕੁਲ ਪੰਜ ਸ਼ਬਦ ਹਨ: ਤਿੰਨ ਮਹਲਾ ੧ ਦੇ, ਇਕ ਮਹਲਾ ੪ ਦਾ, ਅਤੇ ਇਕ ਮਹਲਾ ੫ ਦਾ। ਇਹ ਬਾਣੀ ਵੀ ਗੁਰਸਿਖਾਂ ਦੇ ਨਿਤਨੇਮ ਵਿਚ ਸ਼ਾਮਲ ਹੈ ਅਤੇ ਇਸ ਦਾ ਪਾਠ ਰਾਤ ਨੂੰ ਬਿਰਾਜਣ ਸਮੇਂ ਕੀਤੇ ਜਾਣ ਦਾ ਵਿਧਾਨ ਹੈ। ਇਸ ਪਾਵਨ ਬਾਣੀ ਦਾ ਪਾਠ ਪ੍ਰਾਣੀ ਦੇ ਸਸਕਾਰ ਉਪ੍ਰੰਤ ਵੀ ਕੀਤੇ ਜਾਣ ਦੀ ਮਰਯਾਦਾ ਹੈ।

'ਸੋਹਿਲਾ' ਦਾ ਅਰਥ ਹੈ, ਖ਼ੁਸ਼ੀ ਅਥਵਾ ਸੁਹਾਗ ਦਾ ਗੀਤ। 'ਸੋਹਿਲਾ' ਬਾਣੀ ਨੂੰ ਗਾਏ ਜਾਣ ਦਾ ਹੁਕਮ ਬਾਣੀ ਵਿਚ ਅੰਕਤ ਹੈ, ਇਸ ਲਈ ਇਸ ਬਾਣੀ ਨੂੰ 'ਕੀਰਤਨ ਸੋਹਿਲਾ' ਦੀ ਸੰਗਿਆ ਵੀ ਦਿਤੀ ਜਾਂਦੀ ਹੈ।

ਇਸ ਬਾਣੀ ਦਾ ਵਿਸ਼ਾ-ਵਸਤੂ ਇਸ ਪ੍ਰਕਾਰ ਹੈ :–

(ੳ) ਜਿਵੇਂ ਸੂਰਜ ਦੀ ਹੋਂਦ ਅਤੇ ਉਸਦੇ ਵਰਤਾਰੇ ਨਾਲ ਅਨੇਕ ਰੁਤਾਂ ਦੀ ਸਿਰਜਨਾ ਹੁੰਦੀ ਹੈ, ਏਸੇ ਤਰ੍ਹਾਂ ਪਰਮ ਗੁਰੂ ਅਕਾਲ ਪੁਰਖ ਦੁਆਰਾ ਤ੍ਰਿਗੁਣੀ ਪਸਾਰੇ ਦੀ ਨਾਨਾ ਪ੍ਰਕਾਰੀ ਰਚਨਾ ਅਤੇ ਵਖ ਵਖ ਸਿਧਾਂਤ ਹੋਂਦ ਵਿਚ ਆਉਂਦੇ ਹਨ।

(ਅ) ਅਕਾਲ ਪੁਰਖ ਦੀ ਸਿਫ਼ਤ-ਸਲਾਹ ਹੀ ਜੀਵਨ ਦਾ ਮੂਲ-ਮੰਤਵ ਹੈ। ਇਹ ਸਿਫ਼ਤ-ਸਲਾਹ ਦਾ ਗੀਤ ਸੋਹਿਲਾ ਸਤਸੰਗੀਆਂ ਨਾਲ ਮਿਲ ਕੇ ਗਾਉਣ ਨਾਲ ਅਤੇ ਉਹਨਾਂ ਦੀਆਂ ਅਸੀਸਾਂ ਸਦਕਾ ਲੋਕ ਪ੍ਰਲੋਕ ਵਿਚ ਸੁਖ ਮਿਲਦਾ ਹੈ ਅਤੇ ਅਕਾਲ ਪੁਰਖ ਨਾਲ ਅਭੇਦਤਾ ਪ੍ਰਾਪਤ ਹੁੰਦੀ ਹੈ।


www.AKJ.Org

(ੲ) ਸਾਰੀ ਸਰਗੁਨ ਰਚਨਾ : ਸੂਰਜ, ਚੰਨ, ਤਾਰੇ, ਪਉਣ, ਅਗਨੀ ਅਤੇ ਸਾਰੀ ਪ੍ਰਫੁਲਤ ਬਨਸਪਤੀ; ਇਹਨਾਂ ਸਭਨਾਂ ਦੀ ਸੁਭਾਵਕ ਕਿਰਿਆ ਦੁਆਰਾ ਉਸ ਨਿਰਗੁਨ ਅਕਾਲ ਪੁਰਖ ਦੀ ਸੁਤੇ ਹੀ ਨਿਰੰਤਰ ਆਰਤੀ ਹੋ ਰਹੀ ਹੈ। ਨਿਰਗੁਨ ਸਰੂਪ ਵਿਚ ਉਸ ਅਕਾਲ ਪੁਰਖ ਦਾ ਕੋਈ ਰੂਪ ਰੰਗ ਰੇਖ ਭੇਖ ਨਹੀਂ, ਪਰ ਸਰਗੁਨ ਸਰੂਪ ਸਾਰੇ ਉਸ ਦੇ ਹੀ ਬਣਾਏ ਹੋਏ ਹਨ ਅਤੇ ਉਹ ਸਭ ਵਿਚ ਸਮਾਨ ਵਿਆਪਕ ਹੈ। ਉਸਦੀ ਚੇਤਨਾ ਹੀ ਸਾਰੀ ਰਚਨਾ ਵਿਚ ਜੀਵਨ-ਰੌ ਰੁਮਕਾਅ ਰਹੀ ਹੈ। ਗੁਰੂ ਦੀ ਸਿਖਿਆ ਦੁਆਰਾ ਇਹ ਜੋਤਿ ਪ੍ਰਤੱਖ ਹੋ ਜਾਂਦੀ ਹੈ।

(ਸ) ਕਾਮ ਕ੍ਰੋਧ ਆਦਿਕ ਵਿਕਾਰ ਗੁਰੂ ਨੂੰ ਮਿਲ ਕੇ ਖੰਡ ਖੰਡ (ਟੋਟੇ ਟੋਟੇ) ਹੋ ਜਾਂਦੇ ਹਨ। ਸਾਕਤ (ਸ਼ਕਤੀ ਦੇ ਪੁਜਾਰੀ) ਹਉਮੈ ਕਾਰਨ ਹਰਿ-ਰਸ ਤੋਂ ਵਾਂਜੇ ਰਹਿੰਦੇ ਹਨ। ਹਉਮੈ ਦਾ ਕੰਡਾ ਉਹਨਾਂ ਨੂੰ ਨਿਰੰਤਰ ਚੁਭਦਾ ਤੇ ਦੁਖੀ ਕਰਦਾ ਹੈ। ਹਰੀ ਦੇ ਸੇਵਕ, ਜਿਨ੍ਹਾਂ ਨੂੰ ਗੁਰੂ ਤੋਂ ਲਿਵ ਦੀ ਦਾਤ ਪ੍ਰਾਪਤ ਹੁੰਦੀ ਹੈ, ਹਰਿ-ਰਸ ਵਿਚ ਲੀਨ ਰਹਿੰਦੇ ਹਨ। ਨਾਮ ਸਿਮਰਨ ਦੁਆਰਾ ਉਹਨਾਂ ਦਾ ਆਵਾ ਗਉਣ ਮਿਟ ਜਾਂਦਾ ਹੈ ਤੇ ਲੋਕ ਪ੍ਰਲੋਕ ਵਿਚ ਸੋਭਾ ਮਿਲਦੀ ਹੈ।

(ਹ) ਮਨੁਖਾ ਜਨਮ ਸੰਤ-ਟਹਲ ਅਥਵਾ ਨਾਮ-ਧਨ ਖਟਣ ਦਾ ਅਮੋਲਕ ਅਉਸਰ ਹੈ। ਉਮਰਾ ਦਿਨ ਰਾਤ ਘਟਦੀ ਹੈ। ਸੋ ਗੁਰੂ ਨੂੰ ਮਿਲ ਕੇ ਜੀਵਨ ਦਾ ਮੂਲ ਕਾਰਜ (ਨਾਮ ਖਟੀ ਖਟਣ ਦਾ) ਨੇਪਰੇ ਚਾੜ੍ਹਨਾ ਚਾਹੀਏ। ਗੁਰੂ ਦੀ ਰਾਹੀਂ ਪਾਰਬ੍ਰਹਮ ਦਾ ਹਿਰਦੇ ਵਿਚ ਨਿਵਾਸ ਹੋ ਜਾਂਦਾ ਹੈ ਤੇ ਜਨਮ ਮਰਨ ਦਾ ਫਾਹਾ ਕਟਿਆ ਜਾਂਦਾ ਹੈ। ਹੇ ਵਾਹਿਗੁਰੂ ! ਸੰਤਾਂ ਦੀ ਧੂੜ ਹੋਣ ਦੀ ਸਾਡੀ ਇਛਾ ਪੂਰੀ ਕਰ।

**'ਸੋਹਿਲਾ' ਦਾ ਕੇਂਦਰੀ ਭਾਵ–**

ਸੋਹਿਲੇ ਦਾ ਕੇਂਦਰੀ ਭਾਵ ਇਹ ਹੈ ਕਿ ਜੀਵਨ ਦਾ ਸਮਾਂ ਨਿਸਚਿਤ ਹੈ। ਉਮਰਾ ਦਿਨ ਦਿਨ ਘਟਦੀ ਹੈ। ਮਨੁਖਾ ਜਨਮ ਦਾ ਮੂਲ-ਮਨੋਰਥ ਸਤਸੰਗਤ ਵਿਚ ਜੁੜ ਕੇ ਨਾਮ ਧਨ ਖਟ ਕੇ ਪ੍ਰਭੂ ਦਾ ਮਿਲਾਪ ਪ੍ਰਾਪਤ ਕਰਨਾ ਹੈ। ਸਾਰੀ ਰਚਨਾ ਵਿਚ ਅਕਾਲ ਪੁਰਖ ਦੀ ਜੋਤਿ ਵਿਆਪਕ ਹੈ। ਗੁਰੂ ਦੀ ਸਿਖਿਆ ਦੁਆਰਾ ਇਹ ਜੋਤਿ ਅੰਦਰੋਂ ਪਰਗਟ ਹੋ ਜਾਂਦੀ ਹੈ। ਨਿਰਗੁਨ ਬ੍ਰਹਮ ਦਾ ਕੋਈ ਰੂਪ ਰੰਗ ਨਹੀਂ, ਪਰ ਦ੍ਰਿਸ਼ਟਮਾਨ ਸਾਰੇ ਰੂਪ ਰੰਗ ਸਰਗੁਨ ਬ੍ਰਹਮ ਦੇ ਹੀ ਹਨ। ਪਰਕਿਰਤੀ ਦੇ ਵਖ ਵਖ ਤਤ ਨਿਰੰਤਰ ਕਿਰਿਆ-ਸ਼ੀਲ ਹਨ, ਜਿਸ ਤੋਂ ਅਕਾਲ ਪੁਰਖ ਦੀ ਸੁਤੇ ਹੀ ਆਰਤੀ ਹੋ ਰਹੀ ਹੈ।

## ਮਾਡਲ ਪ੍ਰਸ਼ਨ ਪੱਤਰ

(੧) ਸ੍ਰੀ ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵਯੇ ਅਤੇ ਬੇਨਤੀ ਚੌਪਈ ਕਿਹੜੇ ਸਤਿਗੁਰੂ ਜੀ ਦੀ ਰਚਨਾ ਹਨ। ਹਰੇਕ ਬਾਣੀ ਦਾ ਕੇਂਦਰੀ-ਭਾਵ ਦਸ ਦਸ ਸਤਰਾਂ ਵਿਚ ਲਿਖੋ।

(੨) ਸ੍ਰੀ ਜਾਪੁ ਸਾਹਿਬ, ਤ੍ਵ ਪ੍ਰਸਾਦ ਸਵਯੇ ਅਤੇ ਬੇਨਤੀ ਚੌਪਈ ਕਿਹੜੇ ਪਾਵਨ ਗ੍ਰੰਥ ਵਿਚੋਂ ਹਨ। ਇਹ ਪਾਵਨ ਗ੍ਰੰਥ ਕਿਹੜੇ ਸਤਿਗੁਰੂ ਜੀ ਦੀ ਰਚਨਾ ਹੈ। ਸਾਰੀਆਂ ਬਾਣੀਆਂ ਦੇ ੯ਵੇਂ (ਨਾਵੇਂ) ਪਦੇ ਦੇ ਅਰਥ ਲਿਖੋ।

(੩) ਵਾਹਿਗੁਰੂ ਦੇ ਨਿਰਗੁਨ ਸਰੂਪ ਅਤੇ ਸਰਗੁਨ ਸਰੂਪ ਤੋਂ ਕੀ ਭਾਵ ਹੈ ? ਸ੍ਰੀ ਜਾਪ ਸਾਹਿਬ ਵਿਚੋਂ ਨਿਰਗੁਨ ਸਰੂਪ ਅਤੇ ਸਰਗੁਨ ਸਰੂਪ ਦੇ ਦਸ ਦਸ ਕਰਮ-ਨਾਮ ਅਰਥਾਂ ਸਹਿਤ ਲਿਖੋ।

(੪) ਸ੍ਰੀ ਜਾਪੁ ਸਾਹਿਬ ਵਿਚ ਆਏ ਪਦ 'ਸਰਬ ਨਾਮ' ਅਤੇ 'ਕਰਮ-ਨਾਮ' ਦੇ ਅਰਥ ਲਿਖੋ। ਇਸ ਪਾਵਨ ਬਾਣੀ ਵਿਚੋਂ ਘਟੋ ਘਟ ਪੰਜ ਸਮ-ਅਰਥੀ (ਇਕੋ ਜਿਹੇ ਅਰਥਾਂ ਵਾਲੇ) ਕਰਮ-ਨਾਮਾਂ ਦੇ ਜੋਟੇ ਲਿਖੋ।

(੫) 'ਕਰਤਾ', 'ਭਰਤਾ', 'ਹਰਤਾ' ਤੋਂ ਕੀ ਭਾਵ ਹੈ। ਇਹਨਾਂ ਤਿੰਨਾਂ ਨਾਲ ਸੰਬੰਧਤ ਸ੍ਰੀ ਜਾਪੁ ਸਾਹਿਬ ਦੇ ਕਰਮ-ਨਾਮ ਅਰਥਾਂ ਸਹਿਤ ਸੰਬੰਧਤ ਛੰਦ ਦਾ ਕਰਮ ਅਤੇ ਉਸਦੀ ਕਿਸਮ ਦਾ ਹਵਾਲਾ ਦੇ ਕੇ ਲਿਖੋ।

(੬) ਸ੍ਰੀ ਜਾਪੁ ਸਾਹਿਬ ਵਿਚੋਂ ਘਟੋ ਘਟ ਦਸ ਅਰਬੀ ਫ਼ਾਰਸੀ ਦੇ ਸ਼ਬਦ ਉਹਨਾਂ ਦੇ ਅਰਥਾਂ ਸਹਿਤ ਲਿਖੋ।



www.AKJ.Org

(੭) ਸ੍ਰੀ ਜਾਪੁ ਸਾਹਿਬ ਵਿਚੋਂ ਅਜਿਹੇ ਪੰਜ ਕਰਮ-ਨਾਮਾਂ ਦਾ ਵਰਨਣ ਅਰਥਾਂ ਸਹਿਤ ਕਰੋ, ਜਿਨ੍ਹਾਂ ਵਿਚ ਬ੍ਰਜ ਭਾਸ਼ਾ ਅਤੇ ਅਰਬੀ ਫ਼ਾਰਸੀ ਦੇ ਸ਼ਬਦਾਂ ਦਾ ਸੁਮੇਲ ਹੈ ।

(੮) ਪ੍ਰਭੂ ਦੇ ਨਿਰਗੁਨ ਅਤੇ ਸਰਗੁਨ ਸਰੂਪ ਦੇ ਭੇਦ ਕਰਕੇ ਜਿਹੜੇ ਕਰਮ-ਨਾਮ ਪਰਸਪਰ ਵਿਰੋਧੀ ਅਰਥ ਰਖਦੇ ਹਨ, ਉਹਨਾਂ ਵਿਚੋਂ ਪੰਜਾਂ ਦਾ ਵਰਨਣ ਅਰਥਾਂ ਸਹਿਤ ਕਰੋ ।

(੯) ਸ੍ਰੀ ਜਾਪੁ ਸਾਹਿਬ ਵਿਚ ਵਖ ਵਖ ਕਿਸਮ ਦੇ ਨਿਸ਼ੇਧ-ਅਰਥਕ ਕਰਮ ਨਾਮਾਂ ਵਿਚੋਂ ਦਸਾਂ ਦਾ ਵਰਨਣ ਅਰਥਾਂ ਸਹਿਤ ਕਰੋ । ਨਿਸ਼ੇਧ-ਅਰਥਕ ਅਗੇਤਰ-ਪਦਾਂ ਦਾ ਵਖਰਾ ਵਰਨਣ ਵੀ ਕਰੋ ।

(੧੦) 'ਤ੍ਵ ਪ੍ਰਸਾਦਿ ਸਵਯੇ' ਬਾਣੀ ਵਿਚੋਂ ਕਰਮ-ਕਾਂਡ ਦੇ ਖੰਡਣ ਨਾਲ ਸੰਬੰਧਤ ਸਵਯਾਂ ਦਾ ਨੰਬਰ ਲਿਖੋ ਅਤੇ ਇਹਨਾਂ ਵਿਚੋਂ ਕਿਸੇ ਇਕ ਨੂੰ ਅਰਥਾਂ ਸਹਿਤ ਲਿਖੋ ।

(੧੧) 'ਤ੍ਵ ਪ੍ਰਸਾਦਿ ਸਵਯੇ' ਬਾਣੀ ਵਿਚ ਰਜੋ-ਗੁਣੀ ਵਿਭੂਤੀਆਂ (ਐਸ਼ੰਵਰਜ) ਨੂੰ ਪ੍ਰਾਪਤ ਹੋਏ ਵਿਅਕਤੀਆਂ ਦੇ, ਇਕ ਵਸਤੂ ਦੀ ਪ੍ਰਾਪਤੀ ਬਗ਼ੈਰ ਮੰਦੇ ਹਾਲ ਦਾ ਵਰਨਣ ਹੈ । ਸੰਬੰਧਤ ਸਵਯਾ ਅਰਥਾਂ ਸਹਿਤ ਲਿਖੋ ।

(੧੨) "ਮਾਇਆ ਦਾ ਪਤੀ (ਵਾਹਿਗੁਰੂ) ਹੀ ਸਭਨਾਂ ਦੇ ਸਿਰ ਉਤੇ ਮਾਲਕ ਹੈ, ਉਹ ਇਕੱਲਾ ਦਾਤਾ ਹੈ ਅਤੇ ਅਨੇਕਾਂ (ਸ਼ਕਤੀ-ਸ਼ਾਲੀ ਜੀਵ) ਉਸ ਦੇ ਦਰ ਦੇ ਮੰਗਤੇ ਹਨ" ਇਸ ਭਾਵ-ਅਰਥ ਨਾਲ ਸੰਬੰਧਤ ਸਵਯਾ ਅਰਥਾਂ ਸਹਿਤ ਲਿਖੋ ।

(੧੩) 'ਬੇਨਤੀ ਚੌਪਈ' ਵਿਚ ਨਿਰੂਪਣ ਕੀਤੀਆਂ ਸਤਿਗੁਰੂ ਦਾਤਾ ਜੀ ਦੀਆਂ ਮੰਗਾਂ ਵਿਚੋਂ ਦਸ ਮੰਗਾਂ ਉਹਨਾਂ ਦੇ ਆਪਣੇ ਸ਼ਬਦਾਂ ਵਿਚ ਲਿਖੋ ।

(੧੪) 'ਬੇਨਤੀ ਚੌਪਈ' ਵਿਚ ਆਏ ਪਦਾਂ ('ਹਮਰੇ ਦੁਸਟ' ਅਤੇ 'ਸਤ੍ਰ ਹਮਾਰੇ' ਤੋਂ ਕੀ ਭਾਵ ਹੈ ?

(੧੫) ਬੇਨਤੀ ਚੌਪਈ ਵਿਚੋਂ ਸੰਸਾਰ-ਰਚਨਾ ਨਾਲ ਸੰਬੰਧਤ ਪਦ, ਅਰਥਾਂ ਸਹਿਤ ਲਿਖੋ ।

(੧੬) ਚਾਰ ਖਾਣੀਆਂ ਕਿਹੜੀਆਂ ਹਨ ?

(੧੭) ਬੇਨਤੀ ਚੌਪਈ ਵਿਚੋਂ ਅਕਾਲ ਪੁਰਖ ਦੇ ਪੰਜ ਸਰਨਾਵਾਂ (ਕਰਮ-ਨਾਮਾਂ) ਦਾ ਵਰਨਣ ਅਰਥਾਂ ਸਹਿਤ ਕਰੋ ।

ਹੇਠ ਲਿਖੀਆਂ ਪੁਛਾਂ ਦਾ ਉਤਰ ਸੰਬੰਧਤ ਬਾਣੀਆਂ ਦੀਆਂ ਸਗਵੀਆਂ ਪੰਗਤੀਆਂ ਵਿਚ ਦਿਓ :–

**ਬੇਨਤੀ ਚੌਪਈ–**

(੧) 'ਗੁਰੂ' ਦੇ ਕੀ ਲਛਣ ਹਨ ?

(੨) ਸੰਸਾਰ-ਰਚਨਾ ਦੀ ਸਿਰਜਨਾ ਅਤੇ ਇਸ ਦੇ ਵਿਨਾਸ਼ ਵਿਚ ਅਕਾਲ ਪੁਰਖੁ ਦੀ ਕਿਹੜੀ ਕਿਹੜੀ ਸ਼ਕਤੀ ਕੰਮ ਕਰਦੀ ਹੈ ?

(੩) ਜਿਹੜੇ ਮਨੁਖ ਮਹਾ ਦੇਉ ਨੂੰ 'ਸਦਾ-ਸਿਵ' ਆਖਦੇ ਹਨ, ਉਹਨਾਂ ਨੂੰ ਕਿਹੜੀ ਉਪਾਧੀ ਦਿਤੀ ਹੋਈ ਹੈ ?

(੪) ਕਿਹੜੇ ਜੀਵਾਂ ਦੇ 'ਦੁਸਟ ਦੋਖੀ' ਦੁਖੀ ਹੋ ਕੇ ਮਰ ਜਾਂਦੇ ਹਨ ?

(੫) ਸੰਕਟ ਕਿਨ੍ਹਾਂ ਜੀਵਾਂ ਦੇ ਕਟੇ ਜਾਂਦੇ ਹਨ ?

(੬) ਕਾਲ ਕਿਨ੍ਹਾਂ ਜੀਵਾਂ ਦੇ ਨੇੜੇ ਨਹੀਂ ਆ ਸਕਦਾ ?

**ਤਵ ਪ੍ਰਸਾਦਿ ਸਵਯੇ–**

(੧) '...ਏਕ ਰਤੀ ਬਿਨੁ ਏਕ ਰਤੀ ਕੇ' ਕਿੰਨੇ ਨੰਬਰ ਸਵਯੇ ਵਿਚ ਹੈ ? ਇਸ ਦਾ ਅਰਥ-ਭਾਵ ਲਿਖੋ ।

(੨) ਕਿਨ੍ਹਾਂ ਨੂੰ ਫਿਰ ਫਿਰ ਸਰੀਰ ਨਹੀਂ ਧਾਰਨਾ ਪੈਂਦਾ ?

(੩) ਪ੍ਰਭੂ-ਪ੍ਰਾਪਤੀ ਦਾ ਸਹੀ ਤੇ ਸੁਖੈਨ ਢੰਗ ਕੀ ਹੈ ?

(੪) 'ਕੂਰ ਕ੍ਰਿਆ' ਵਿਚ ਕੀ ਕੀ ਆਉਂਦਾ ਹੈ ?


www.AKJ.Org

**ਸੋਹਿਲਾ–**

(੧) 'ਸੋਹਿਲਾ' ਬਾਣੀ ਦੇ ਪਾਠ ਦਾ ਕੀ ਸਮਾ ਹੈ ?

(੨) ਸੋਹਿਲਾ ਬਾਣੀ ਦਾ ਕੇਂਦਰੀ ਭਾਵ ਲਿਖੋ ।

(੩) ਸੋਹਿਲਾ ਬਾਣੀ ਵਿਚ ਆਈ ਪੰਗਤੀ "ਮਿਲ ਕਰਿ ਪਾਵਹੁ ਤੇਲੁ" ਤੋਂ ਕੀ ਭਾਵ ਹੈ ?

(੪) "ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥' ਪੰਗਤੀਆਂ ਕਿਹੜੇ ਘਰ ਵਲ ਸੰਕੇਤ ਕਰਦੀਆਂ ਹਨ ?

(੫) 'ਸੋਹਿਲਾ' ਬਾਣੀ ਵਿਚ ਪਰਕਿਰਤੀ ਵਲੋਂ ਅਕਾਲ ਪੁਰਖ ਦੀ ਸੁਤੇ ਹੋ ਰਹੀ ਆਰਤੀ ਦਾ ਵਰਨਣ ਹੈ। ਸੰਬੰਧਤ ਪੰਗਤੀਆਂ ਅਰਥਾਂ ਸਹਿਤ ਲਿਖੋ ।

(੬) 'ਸੋਹਿਲਾ' ਬਾਣੀ ਵਿਚੋਂ ਅਕਾਲ ਪੁਰਖ ਦੇ ਨਿਰਗੁਨ ਅਤੇ ਸਰਗੁਨ ਸਰੂਪ ਦੇ ਸ਼ਬਦੀ ਚਿਤਰ ਦਾ ਵਰਨਣ ਸਗਵੀਆਂ ਪੰਗਤੀਆਂ ਦੁਆਰਾ ਕਰੋ ।

(੭) ਪੁਛਾਂ ਦੇ ਉਤਰ ਸਗਵੀਆਂ ਪੰਗਤੀਆਂ ਦੁਆਰਾ ਕਰੋ :–

(ੳ) ਕਾਮ ਕ੍ਰੋਧੁ ਖੰਡ ਖੰਡ ਕਿਵੇਂ ਹੁੰਦੇ ਹਨ ?

(ਅ) ਅੰਦਰਲੀ ਜੋਤਿ ਕਿਵੇਂ ਪਰਗਟ ਹੁੰਦੀ ਹੈ ?

(ੲ) ਗੁਰੂ ਦੀ ਪ੍ਰਾਪਤੀ ਦਾ ਕੀ ਸਿੱਟਾ ਨਿਕਲਦਾ ਹੈ ?

(ਸ) ਪੁੰਨਾਂ ਵਿਚੋਂ ਵੱਡਾ ਪੁੰਨ ਕੀ ਹੈ ?

(ਹ) ਸੋਹਿਲੇ ਵਿਚ ਕਿਹੜੇ ਕੰਡੇ ਦਾ ਜ਼ਿਕਰ ਹੈ ਤੇ ਇਹ ਕਿਨ੍ਹਾਂ ਨੂੰ ਚੁਭਦਾ ਹੈ ?

## ਗੁਰਬਾਣੀ ਸਾਧਨਾ ਸਕੀਮ

ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟ੍ਰਸਟ (ਰਜਿ:) ਅੰਮ੍ਰਿਤਸਰ ਵਲੋਂ "ਗੁਰਬਾਣੀ ਸਾਧਨਾ ਸਕੀਮ" ਅਧੀਨ ਸ੍ਰੀ ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵਯੇ (ਸ੍ਰਾਵਗ ਸੁਧ...) ਬੇਨਤੀ ਚੌਪਈ ਅਤੇ ਸੋਹਿਲਾ; ਇਹਨਾਂ ਚਾਰ ਬਾਣੀਆਂ ਦੀ ਪ੍ਰੀਖਿਆ ਅਪ੍ਰੈਲ ੧੯੮੯ ਵਿਚ ਹੋਣੀ ਹੈ । ਨਿਸਚਿਤ ਮਿਤੀ ਫ਼ਰਵਰੀ ਵਿਚ ਦਸ ਦਿਤੀ ਜਾਵੇਗੀ। ਪ੍ਰੀਖਿਆ ਵਿਚ ਪਹਿਲੀਆਂ ੨੦ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲਿਆਂ ਵਿਚ ੩੧੦੦ ਰੁਪਏ ਦੇ ਇਨਾਮ ਵੰਡੇ ਜਾਣਗੇ।

ਉਪ੍ਰੋਕਤ ਬਾਣੀਆਂ ਨੂੰ ਠੀਕ ਤਰ੍ਹਾਂ ਸਮਝਣ ਲਈ ਟੀਕੇ ਉਪਲਭਦ ਹਨ। ਪ੍ਰੀਖਿਆਰਥੀਆਂ ਦੀ ਸਹੂਲਤ ਲਈ ਇਹਨਾਂ ਬਾਣੀਆਂ ਸੰਬੰਧੀ ਸੰਖੇਪ ਨੋਟ ਉਪਰ ਦਿਤੇ ਗਏ ਹਨ। ਨਾਲ ਹੀ ਮਾਡਲ ਪ੍ਰਸ਼ਨ-ਪੱਤਰ ਵੀ ਦਿਤਾ ਗਿਆ ਹੈ ।

ਰੋਲ ਨੰਬਰ ਮਾਰਚ ਵਿਚ ਸੂਚਿਤ ਕੀਤੇ ਜਾਣਗੇ । ਇਸ ਸਾਲ ਦੀਆਂ ਅਗਲੀਆਂ ਪ੍ਰੀਖਿਆਵਾਂ ਦਾ ਵੇਰਵਾ ਇਸ ਪ੍ਰਕਾਰ ਹੈ :–ਸ੍ਰੀ ਸੁਖਮਨੀ ਸਾਹਿਬ ਪ੍ਰੀਖਿਆ ਜੂਨ ੧੯੮੯

ਸ੍ਰੀ ਜਪੁ ਜੀ ਸਾਹਿਬ, ਰਹਿਰਾਸ, ਅਨੰਦ ਸਾਹਿਬ ਪ੍ਰੀਖਿਆ ਨਵੰਬਰ ੧੯੮੯

ਪ੍ਰਾਰਬਕ-ਡਾਕਟਰ ਹਰਚਰਨ ਸਿੰਘ

੨੦–ਡਾਕਟਰਜ਼ ਐਵਿਨਿਊ, ਮਜੀਠਾ ਰੋਡ, ਅੰਮ੍ਰਿਤਸਰ ।

---

## ਸਮਾਗਮਾਂ ਬਾਰੇ ਸੂਚਨਾ

ਮੌਜੂਦਾ ਹਾਲਾਤ ਨੂੰ ਮੁਖ ਰਖਦਿਆਂ ਫ਼ੈਸਲਾ ਕੀਤਾ ਗਿਆ ਹੈ ਕਿ ਤਿੰਨ ਸੈਂਟਰਲ ਸਮਾਗਮਾਂ (ਪੋਹ ਸੁਦੀ ਸਪਤਮੀ, ਕੱਤਕ ਪੂਰਨਮਾਸ਼ੀ ਅਤੇ ਵੈਸਾਖੀ) ਨੂੰ ਛਡ ਕੇ ਬਾਕੀ ਸਾਰੇ ਸਮਾਗਮ ਲੋਕਲ ਪੱਧਰ ਤੇ ਹੀ ਕੀਤੇ ਜਾਇਆ ਕਰਨ । ਤਿੰਨ ਸੈਂਟਰਲ ਸਮਾਗਮਾਂ ਤੋਂ ਬਿਨਾਂ ਬਾਕੀ ਸਮਾਗਮਾਂ ਦੀ ਸੂਚਨਾ 'ਸੂਰਾ' ਪੱਤਰ ਵਿਚ ਛਾਪਣ ਲਈ ਨਾ ਭੇਜੀ ਜਾਇਆ ਕਰੇ ਅਤੇ ਨਾ ਹੀ ਇਸ਼ਤਿਹਾਰਬਾਜ਼ੀ ਕੀਤੀ ਜਾਵੇ ।

ਸੰਗਤਾਂ ਦਾ ਸੇਵਕ--ਜਥੇਦਾਰ, ਅਖੰਡ ਕੀਰਤਨੀ ਜਥਾ



www.AKJ.Org

# ਦਸਮੇਸ਼ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ

[ਡਾਕਟਰ ਗੋਬਿੰਦ ਸਿੰਘ ਮਨਸੁਖਾਨੀ]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਯੋਧੇ ਹੀ ਨਹੀਂ ਸਨ, ਸਗੋਂ ਉਹ ਰਚਨਾਤਕਮ ਯੋਗਤਾ ਵਾਲੇ ਇਕ ਮਹਾਨ ਅਨਭਵੀ ਤੇ ਕਲਾਧਾਰੀ ਪੁਰਸ਼ ਸਨ। ਫ਼ਾਰਸੀ, ਹਿੰਦੀ ਤੇ ਪੰਜਾਬੀ ਦੇ ਮਹਾਨ ਵਿਦਵਾਨ ਹੋਣ ਦੇ ਨਾਤੇ ਉਨ੍ਹਾਂ ਨੇ ਇਨ੍ਹਾਂ ਭਾਸ਼ਾਵਾਂ ਦੁਆਰਾ ਵਖ ਵਖ ਕਾਵਿ-ਰੂਪਾਂ ਵਿਚ ਬਾਣੀ ਰਚੀ। ਗੁਰੂ ਜੀ ਨੇ ਆਪਣੇ ਦਰਬਾਰ ਵਿਚ ੫੨ ਕਵੀਆਂ ਤੇ ਵਿਦਵਾਨਾਂ ਦੀ ਸਰਪ੍ਰਸਤੀ ਕੀਤੀ। ਇਨ੍ਹਾਂ ਵਿਚ ਸੁਪ੍ਰਸਿਧ ਸਨ ਭਾਈ ਨੰਦ ਲਾਲ ਜੀ ਗੋਯਾ ਅਤੇ ਸੈਨਾਪਤਿ।

ਦਸਮ ਗ੍ਰੰਥ ਦੀ ਸੰਪਾਦਨਾ ਭਾਈ ਮਨੀ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਣ ਮਗਰੋਂ ਕੀਤੀ। ਇਸ ਵਿਚ ਬ੍ਰਜ ਭਾਸ਼ਾ, ਫ਼ਾਰਸੀ ਤੇ ਪੰਜਾਬੀ ਵਿਚ ੧੭੦੦ ਤੋਂ ਵੀ ਵਧ ਛੰਦ ਤੇ ਪਦੇ ਹਨ। ਇਸ ਵਿਚ ਦਰਜ ਬਾਣੀਆਂ ਦਾ ਵਿਸ਼ਾ-ਵਸਤੂ ਦਾਰਸ਼ਨਿਕ, ਮਿਥਿਹਾਸਕ ਤੇ ਸਵੈ-ਜੀਵਨੀ ਦਾ ਹੈ। ਇਨ੍ਹਾਂ ਬਾਣੀਆਂ ਵਿਚੋਂ ਜਿਹੜੀਆਂ ਨਿਸਚਿਤ ਤੌਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਹੀਆਂ ਜਾਂਦੀਆਂ ਹਨ, ਉਨ੍ਹਾਂ ਵਿਚ ਅਕਾਲ ਪੁਰਖ ਦੀ ਉਸਤਤੀ ਤੇ ਸ੍ਰੀ ਸਾਹਿਬ ਦੀ ਸ਼ਕਤੀ ਦਾ ਵਰਣਨ ਹੈ। ਇਨ੍ਹਾਂ ਵਿਚੋਂ ਕਈ ਰਚਨਾਵਾਂ ਉਸ ਸਮੇਂ ਦੇ ਲੋਕਾਂ ਵਿਚ ਬੀਰ-ਰਸ ਤੇ ਦੇਸ਼-ਭਗਤੀ ਦੀ ਭਾਵਨਾ ਉਜਾਗਰ ਕਰਨ ਲਈ ਰਚੀਆਂ ਗਈਆਂ। ਜੋ ਬਾਣੀਆਂ ਨਿਸਚਿਤ ਤੌਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚੀਆਂ ਮੰਨੀਆਂ ਜਾਂਦੀਆਂ ਹਨ, ਉਹ ਹਨ :-

**ਜਾਪ ਸਾਹਿਬ**–ਅਨੇਕ ਪ੍ਰਕਾਰ ਦੇ ਵਖ ਵਖ ਛੰਦਾਂ ਵਿਚ ਲਿਖੀ ਹੋਈ ਇਕ ਅਦਭੁਤ ਰਚਨਾ, ਜਿਸ ਵਿਚ ਪ੍ਰਭੂ ਦੀ ਸ਼ਕਤੀ ਤੇ ਗੁਣਾਂ ਦੀ ਉਸਤਤੀ ਹੈ।

**ਬਚਿਤ੍ਰ ਨਾਟਕ** - ਇਹ ਅਸਚਰਜ ਨਾਟਕ ਗੁਰੂ ਜੀ ਦੀ ਅਧਿਆਤਮਕ ਸਵੈ-ਜੀਵਨੀ ਦਾ ਬ੍ਰਜ-ਕਵਿਤਾ ਵਿਚ ਚਿਤਰਨ ਹੈ। ਇਸ ਦੁਆਰਾ ਗੁਰੂ ਜੀ ਆਪਣਾ ਉਦੇਸ਼ ਵਰਣਨ ਕਰਦੇ ਹਨ।

**ਅਕਾਲ ਉਸਤਤਿ, ਸ਼ਬਦ ਹਜ਼ਾਰੇ ਤੇ ਤੇਤੀਸ ਸਵੱਯੇ**—ਇਨ੍ਹਾਂ ਬਾਣੀਆਂ ਵਿਚ ਭਾਵ-ਪੂਰਤ ਸ਼ਬਦਾਵਲੀ ਤੇ ਦਿਲ-ਖਿਚਵੀਆਂ ਉਪਮਾਵਾਂ ਦੁਆਰਾ ਅਕਾਲ ਪੁਰਖ ਦੀ ਮਹਿਮਾ ਗਾਈ ਗਈ ਹੈ। ਜਿਵੇਂ ਕਿ–

ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ, ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥੮੭॥[ਅਕਾਲ ਉਸਤਤਿ

**ਜ਼ਫ਼ਰਨਾਮਾ**- ਫ਼ਾਰਸੀ ਕਵਿਤਾ ਵਿਚ ਲਿਖੀ ਇਹ ਚਿਠੀ ਔਰੰਗਜ਼ੇਬ ਬਾਦਸ਼ਾਹ ਨੂੰ ਸੰਬੋਧਨ ਕੀਤੀ ਗਈ ਹੈ। ਇਸ ਤੋਂ ਸਾਫ਼ ਦਿਸਦਾ ਹੈ ਕਿ ਗੁਰੂ ਜੀ ਅਤਿਆਚਾਰ ਤੇ ਤਅੱਸਬ ਦੇ ਸਖਤ ਵਿਰੋਧੀ ਸਨ।

ਦਸਮ ਗ੍ਰੰਥ ਦੀ ਰਚਨਾ ਵਿਚੋਂ ਜੋ ਗੁਣ ਕਿਸੇ ਨੂੰ ਸਭ ਤੋਂ ਵਧ ਪ੍ਰਭਾਵਤ ਕਰਦੇ ਹਨ, ਉਹ ਹਨ : ਕਾਵਿਕ ਤਕਨੀਕ ਦਾ ਕਮਾਲ, ਬੋਲੀ ਦੀ ਢੁਕਵੀਂ ਵਰਤੋਂ ਤੇ ਵਖ ਵਖ ਵਿਸ਼ੇਸ਼ਣਾਂ ਤੇ ਪ੍ਰਭੂ ਦੇ ਗੁਣਾਂ ਲਈ ਲੁੜੀਂਦੇ ਤੇ ਫਬਵੇਂ ਸ਼ਬਦਾਂ ਦੀ ਠੀਕ ਚੋਣ।

ਅਨੰਦਪੁਰ ਸਾਹਿਬ ਛਡਣ ਤੋਂ ਬਾਅਦ ਹਾਲਾਤ ਭਾਵੇਂ ਬਹੁਤ ਖ਼ਰਾਬ ਹੋ ਗਏ ਸਨ, ਪਰ ਫਿਰ ਵੀ ਦਸਮੇਸ਼ ਗੁਰੂ ਜੀ ਨੂੰ ਆਪਣੀ ਜਿੱਤ ਦਾ ਪੱਕਾ ਵਿਸ਼ਵਾਸ ਰਿਹਾ ਤੇ ਉਨ੍ਹਾਂ ਨੇ ਅਕਾਲ ਪੁਰਖ ਉਪਰ ਅਤੁਟ ਤੇ ਪੂਰਨ ਭਰੋਸਾ ਹਮੇਸ਼ਾ ਕਾਇਮ ਰਖਿਆ। ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਜੀ ਇਹ ਤੁਕਾਂ ਗਾਉਂਦੇ ਰਹੇ–

"ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਿਣਾ ॥"

ਭਗਤੀ ਭਾਵ ਵਿਚ ਭਿਜੀ ਦਸਮ ਗ੍ਰੰਥ ਵਿਚ ਅੰਕਿਤ ਸੰਤ-ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਉਨ੍ਹਾਂ ਦੀ ਬਹੁ-ਪੱਖੀ ਸ਼ਖ਼ਸੀਅਤ, ਉਨ੍ਹਾਂ ਦੇ ਤੇਜ-ਪ੍ਰਤਾਪ, ਆਤਮਕ ਉਚਤਾ ਤੇ ਬੀਰ ਰਸੀ ਕਮਾਲ ਦੀ ਲਖਾਇਕ ਹੈ।

["ਗੁਰਸਿਖੀ ਕੀ ਹੈ" ਵਿਚੋਂ



www.AKJ.Org

# ਪ੍ਰਗਟੇ ਗੁਪਾਲ ਗੋਬਿੰਦ ਲਾਲਨ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਆਇਆ ਹਲੋਰਾ ਰਸ-ਝਕੋਰਾ ਪ੍ਰੇਮ ਕਾਂਗਾਂ ਉੱਠੀਆਂ।
ਅਰਸ਼ੋਂ ਅਗੰਮੀ ਥਰ-ਥਰੰਮੀ ਨੂਰ-ਕਿਰਨਾਂ ਵੁੱਠੀਆਂ।੧।
ਆਂਙਣਿ ਅਗੰਮੋਂ ਵੁਠੜੀ ਰਸ-ਜੋਤਿ ਦਾਮਨ ਚਾਂਦਨੀ।
ਨਭਿ ਨਾਭਿ ਇਕ ਰਸ ਤਾਰ ਉਠੀ ਨਾਦ ਧੁਨਿ ਬਿਸਮਾਦਨੀ।੨।
ਸੁਨਿ ਸ਼ਬਦ ਚਾਤ੍ਰਿਕ ਬਿਸਮ-ਨਾਦ੍ਰਕ ਉਘਰ ਗਈਆਂ ਅੱਖੀਆਂ।
ਖੁਲ੍ਹੀ ਸਮਾਧੀ ਅਗਾਧ ਤਾੜੀ ਅਮੀ ਮਾਖਿਉ ਚੱਖੀਆਂ।੩।
ਜਾਂ ਨੀੜ ਲਾਈ ਜਾਂਚਿ ਡਿਠਾ ਜੋਤਿ ਬੁੱਕਾ ਜਗਮਗੀ।
ਜੋਤਿ ਸੋਮਾ ਜੋਤਿ ਚਸ਼ਮਾ ਜੋਤਿ ਮੰਬਾਅ ਕਿਰਨਗੀ।੪।
ਇਸ ਜੋਤਿ ਬੁਕਿਉਂ ਜੋਤਿ ਜਗਨੀ ਕੋਟ ਕਿਰਨਾਂ ਪਸਰੀਆਂ।
ਇਕ ਇਕ ਕਿਰਨ ਤੋਂ ਦਗਨਿ ਦਮਕਾਂ ਕੋਟ ਸੂਰਜ ਸਸਰੀਆਂ।੫।
ਸਸਿ ਭਾਨ ਕੋਟ ਕੋਟਾਨ ਜੋਤਿ ਜਗਾਨ ਇਸ ਦਿੱਬ ਜੋਤੀਉਂ।
ਦਿਬ ਜੋਤਿ ਜੋਤੀ ਓਤ ਪੋਤੀ ਹੋਤ ਜੋਤਿ ਉਦੋਤੀਉਂ।੬।
ਨੂਰ ਅਣੀਅਤ ਜੋਤਿ ਜੜੀ ਅਤਿ ਜਿਗਾ ਕਲਗੀ ਕ੍ਰਿਸ਼ਮਣੀ।
ਚਕਰ ਸੁਦਰਸ਼ਨ ਜਗਮਗਾਵੇ ਕ੍ਰਿਸ਼ਮ ਕੁੰਡਲ ਸਿਸਮਣੀ।੭।
ਸੀਸ ਚੱਕਰ ਕੁੰਡਲੀਆ ਮਣਿ ਜੋਤਿ ਜੜਤ ਦਮਾਲੜਾ।
ਮੁਖ ਨੂਰ ਨੂਰੀ ਸਸਿ ਠਰੂਰੀ ਭ੍ਰਾਲ ਲਾਲ ਗੁਲਾਲੜਾ।੮।
ਲਬ ਲਾਲ ਮਣੀਏ ਨੂਰ ਕਣੀਏ ਬਿਜਲ ਦੰਤ ਰੀਸਾਲੜੇ।
ਕੰਚਨ ਕਪੋਲ ਅਮੋਲ ਨੂਰੀ ਜੋਤਿ ਨਗ ਜਲਵਾਲੜੇ।੯।
ਲੋਇਣ ਅਮੀਆਲੜੇ ਰਸ-ਜੋਤ ਪਰੇਮ-ਪਿਆਲੜੇ।
ਕੈ ਖੜਗ ਜੋਤਿ ਜਲਾਲ ਕੈ ਤੀਰ ਖੱਗ ਅਣੀਆਲੜੇ।੧੦।
ਸੁਖ ਦਰਸ ਦਾਤਿ ਅਣਦੋਈਆਂ ਅਜ ਨਦਰ ਮੇਹਰਾਂ ਹੋਈਆਂ।
ਦਸਮੇਸ਼ ਸਿਰੀ ਕਲਗੇਸ਼ ਜੋਤਾਂ ਦਿਬ ਦੀਦਿ ਅਲੋਈਆਂ।੧੧।
"ਸਫਲਾ ਸੁ ਦਿਨਸ ਰੈਨਿ ਸੁਹਾਵੀ ਅਨਦ ਮੰਗਲ ਰਸ ਘਨਾ॥"
"ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ ਰਸਨਾ ਗੁਣ ਭਨਾ॥"

ਪੋਹ ਸੁਦੀ ਸਪਤਮੀ, ੨੩-੧੨-੩੮ ["ਦਰਸ਼ਨ ਝਲਕਾਂ" ਪੁਸਤਕ ਚੋਂ

ਆਂਙਣਿ = ਹਿਰਦੇ ਸੇਜ ਤੇ। ਦਾਮਨ ਚਾਂਦਨੀ = ਬਿਜਲੀ ਦੀ ਲਿਸ਼ਕਾਰ। ਬਿਸਮ-ਨਾਦ੍ਰਕ = ਅਸਚਰਜ ਨਾਦ। ਮੰਬਾਅ = ਸੋਮਾ। ਸਸਰੀਆਂ = ਚੰਦਰਮਾ ਦੀਆਂ। ਸਸਿ ਭਾਨ = ਚੰਦ ਤੇ ਸੂਰਜ। ਉਦੋਤੀਉਂ = ਪ੍ਰਕਾਸ਼ ਤੋਂ। ਲੋਇਣ ਅਮੀਲੜੇ = ਅੰਮ੍ਰਿਤ-ਭਿੰਨੇ ਨੇਤਰ। ਕੈ = ਜਾਂ। ਖੱਗ ਅਣੀਆਲੜੇ = ਅਣਿਆਲੇ ਬਾਣ। ਅਣਦੋਈਆਂ = ਖੇੜਾ ਦੇਣ ਵਾਲੀਆਂ। ਅਲੋਈਆਂ = ਦਰਸਾਈਆਂ।

---

**ਐਡਰੈਸ ਵਿਚ ਤਬਦੀਲੀ**–ਭਾਈ ਮੋਹਨ ਸਿੰਘ ਜੀ ਗਾਰਡ, ਕੋਠੀ ਨੰ: ੧੬੭੦, ਫ਼ੇਜ਼ ੧੦, ਮੋਹਾਲੀ (ਰੋਪੜ) ਇਹ ਉਨ੍ਹਾਂ ਦਾ ਹੁਣ ਐਡਰੈਸ ਹੈ।



www.AKJ.Org

# ਟੁੱਟੀ ਗੰਢਣਹਾਰ

[ਭਾ: ਸੁਖਦੇਵ ਸਿੰਘ,ਪਿੰਡ ਜਾਣੀਆਂ, ਅੰਮ੍ਰਿਤਸਰ]

ਟੁੱਟੀ ਗੰਢਣਹਾਰ ਸਤਿਗੁਰੂ, ਭੁਲਾਂ ਬਖ਼ਸ਼ਣ ਵਾਲੇ।
ਪਰ ਜੇ ਕੋਈ ਸੱਚੇ ਦਿਲੋਂ, ਮਨ ਨਿਮਰਤਾ ਵਿਚ ਢਾਲੇ।
ਚਰਨ ਸ਼ਰਨ ਹੋ ਕਹਿ ਦੇਵੇ, ਮੈਂ ਹਾਂ ਗੁਨਾਹਗਾਰ!
ਸਤਿਗੁਰ ਬਖ਼ਸ਼ਣਹਾਰ!

ਖ਼ਾਨ ਵਜੀਦਾ ਗੁਰਾਂ ਤੇ ਲੈ ਲਸ਼ਕਰ ਆਇਆ।
ਖਿਦਰਾਣੇ ਦੀ ਢਾਬ ਤੇ ਸੀ ਡੇਰਾ ਲਾਇਆ।
ਚੜ੍ਹਦੇ ਪਾਸੇ ਢਾਬ ਦੇ ਸਨ ਸਿੰਘ ਯੋਧੇ ਸਰਦਾਰ।
ਸਤਿਗੁਰ ਬਖ਼ਸ਼ਣਹਾਰ!

ਖ਼ਿਦਰਾਣੇ ਦੀ ਢਾਬ ਤੇ ਯੁੱਧ ਹੋਇਆ ਸੀ ਭਾਰੀ।
ਸ਼ਾਹੀ ਲਸ਼ਕਰ ਮੁੜ ਗਏ ਖਾ ਕੇ ਮਾਰ ਕਰਾਰੀ।
ਟਿੱਬੀ ਉਤੋਂ ਤੀਰ ਚਲਾਂਦੇ ਸਤਿਗੁਰ ਸਿਰਜਣਹਾਰ।
ਸਤਿਗੁਰ ਬਖ਼ਸ਼ਣਹਾਰ!

ਫਿਰ ਕਲਗੀਧਰ ਪਾਤਸ਼ਾਹ ਰਣਭੂਮੀ ਵਿੱਚ ਆਏ।
ਵਾਰੀ ਵਾਰੀ ਸਾਰਿਆਂ ਨੂੰ ਪਿਆਰ-ਲਾਡ ਲਡਾਏ।
'ਬੇਦਾਵਾ' ਵੀ ਨਾਲ ਲਿਆਏ ਘਟ ਘਟ ਜਾਨਣਹਾਰ।
ਸਤਿਗੁਰ ਬਖ਼ਸ਼ਣਹਾਰ!

ਸਭ ਦੇ ਸਨ ਵੇਖੇ ਜੌਹਰ, ਟਿੱਬੀ ਉਤੇ ਬਹਿ ਕੇ।
ਪੂੰਝਣ ਮੁਖੜੇ ਸੋਹਣਿਆਂ ਦੇ ਗੋਦੀ ਦੇ ਵਿਚ ਲੈ ਕੇ।
ਲਭਦੇ ਫਿਰਦੇ ਲਾਸ਼ਾਂ ਵਿਚੋਂ ਮਹਾਂ ਸਿੰਘ ਸਰਦਾਰ।
ਸਤਿਗੁਰ ਬਖ਼ਸ਼ਣਹਾਰ!

ਮਹਾਂ ਸਿੰਘ ਦੀ ਜਾਨ ਵੀ ਸੀ ਅੰਤਲੇ ਲਬਾਂ ਤੇ ਆਈ।
ਗੋਦ ਵਿੱਚ ਲੈ ਸਤਿਗੁਰਾਂ ਉਸ ਨੂੰ ਫ਼ਤਹ ਗਜਾਈ।
ਕਹਿੰਦੇ ਜੋ ਮੰਗਣਾ ਸੋ ਮੰਗ ਲੈ, ਸਿੱਖੀ ਤੋਂ ਬਲਿਹਾਰ।
ਸਤਿਗੁਰ ਬਖ਼ਸ਼ਣਹਾਰ!

ਤੱਕ ਕੇ ਚੋਜੀ ਪਾਤਸ਼ਾਹ ਨੂੰ ਉਹ ਡਾਢਾ ਸ਼ਰਮਾਇਆ।
ਭਰਿਆ ਗਲਾ,ਵੈਰਾਗੀ ਹੋ ਕੇ ਨੈਣ ਨੀਰ ਭਰ ਆਇਆ।
ਬਖ਼ਸ਼ ਲਓ ਜੀ! ਬਖ਼ਸ਼ ਲਓ ਜੀ! ਮੈਂ ਹਾਂ ਗੁਨਾਹਗਾਰ।
ਸਤਿਗੁਰ ਬਖ਼ਸ਼ਣਹਾਰ!

ਪਾੜ ਦਿਓ ਸਾਡਾ 'ਬੇਦਾਵਾ', ਭੁੱਲ ਬਖ਼ਸ਼ੋ ਜੀ ਮੇਰੀ।
ਅਤੇ ਤੁਹਾਡੀ ਗੋਦ ਵਿੱਚ ਜਿੰਦ ਨਿਕਲੇ ਜੀ ਮੇਰੀ।
ਟੁੱਟੀ ਗੰਢ ਦਿਓ ਜੀ ਸਾਡੀ, ਮੁਕਤ ਕਰੋ ਕਰਤਾਰ।
ਸਤਿਗੁਰ ਬਖ਼ਣਹਾਰ!

'ਬੇਦਾਵਾ' ਤਾਂ ਕਮਰਕਸੇ ਵਿਚ ਨਾਲ ਹੀ ਲੈ ਕੇ ਆਏ।
ਪਾੜ ਦਿੱਤਾ ਸਾਮ੍ਹਣੇ ਉਸ ਦੇ ਖ਼ੁਸ਼ ਹੋ ਕੇ ਮੁਸਕ੍ਰਾਏ।
ਨੇਤਰ ਬੰਦ ਕਰ ਮਹਾਂ ਸਿੰਘ, ਗਿਆ ਪ੍ਰਲੋਕ ਸਿਧਾਰ।
ਸਤਿਗੁਰ ਬਖ਼ਸ਼ਣਹਾਰ!

ਟੁੱਟੀ ਗੰਢਣਹਾਰ ਸਤਿਗੁਰੂ, ਭੁੱਲਾਂ ਬਖ਼ਸ਼ਣ ਵਾਲੇ।
ਪਰ ਜੇ ਕੋਈ ਸੱਚੇ ਦਿਲੋਂ, ਮਨ ਨਿਮਰਤਾ ਵਿਚ ਢਾਲੇ।
ਚਰਨ ਸ਼ਰਨ ਹੋ ਕਹਿ ਦੇਵੇ, ਮੈਂ ਹਾਂ ਗੁਨਾਹਗਾਰ।
ਸਤਿਗੁਰ ਬਖ਼ਣਹਾਰ!!

# ਓ ਕਲਗੀ ਵਾਲਿਆ ਸਾਈਆਂ!

[ਸ: ਉਜਾਗਰ ਸਿੰਘ ਜੀ 'ਉਲਫ਼ਤ']

ਤੇਰੇ ਕਦਮਾਂ ਦੀ ਛੁਹ ਥਾਂ ਥਾਂ, ਬੜੀ ਗੰਭੀਰ ਦਿਸਦੀ ਹੈ।
ਸ਼ਹੀਦਾਂ ਦੇ ਹੁਸਨ ਦੀ ਇਹ, ਖੁਲ੍ਹੀ ਤਕਦੀਰ ਦਿਸਦੀ ਹੈ।
ਹੋਇ ਕਾਬ੍ਹਾ ਜੇ ਇੱਕ ਕੋਈ, ਕਰਾਂ ਸ਼ੁਹਰਤ ਬਿਆਨ ਉਸਦੀ,
ਇਥੇ ਹਰ ਜ਼ੱਰੇ ਦੇ ਅੰਦਰ, ਤੇਰੀ ਤਸਵੀਰ ਦਿਸਦੀ ਹੈ।
ਧਰਤ ਆਕਾਸ਼ ਚੰਦ ਸੂਰਜ, ਤੇ ਉਸ ਤੋਂ ਵੀ ਅਗਾਂਹ ਤੀਕਰ,
ਮੁਨੱਵਰ ਸ਼ਾਨ ਤੇਰੀ ਦੀ, ਅਜਬ ਤਨਵੀਰ ਦਿਸਦੀ ਹੈ।
ਧਰਤ ਅਣਖੀ ਅਨੰਦਪੁਰ ਦੀ, ਇੱਕੋ ਇਕ ਹੈ ਜ਼ਮਾਨੇ ਵਿਚ,
ਜਿਥੋਂ ਦੀ ਖ਼ਾਕ ਅੰਦਰ ਵੀ, ਭਰੀ ਅਕਸੀਰ ਦਿਸਦੀ ਹੈ।
ਇਥੋਂ ਹੀ ਨੂਰ ਗ਼ੈਰਤ ਦਾ, ਸੀ ਖਿੜਿਆ ਅਰਸ਼-ਆਲਮ ਤੇ,
ਇਥੇ ਬਾਦੇ-ਸਬੱਾ ਵਿਚ ਵੀ, ਇਸ਼ਕ-ਤਾਸੀਰ ਦਿਸਦੀ ਹੈ।

ਇਹ ਧਰਤੀ ਧਰਮ ਦੀ ਦਾਤੀ, ਮਜਾਹਿਦ ਪਾਕ-ਬਾਜ਼ਾਂ ਦੀ,
ਇਦ੍ਹੀ ਇਸ ਖ਼ਾਕ ਅੰਦਰ ਵੀ, ਵਤਨ ਤੌਕੀਰ ਦਿਸਦੀ ਹੈ।
ਇਥੇ ਜੌਹਰ ਜਵਾਨੀ ਦੇ, ਖਿੜੇ ਸਨ ਮੁਰਦਿਆਂ ਵਿਚ ਵੀ,
ਫ਼ਿਜ਼ਾ ਵਿਚ ਘੁੰਮਦੀ ਹੁਣ ਵੀ ਅਣਖ-ਸ਼ਮਸ਼ੀਰ ਦਿਸਦੀ ਹੈ।
ਮੁਰੰਡੇ ਦੀ ਗੜ੍ਹੀ ਵਿਚ ਵੀ, ਗੜ੍ਹੀ ਚਮਕੌਰ ਅੰਦਰ ਵੀ,
ਅਜੇ ਸਰਹਿੰਦ ਵਿਚ ਸ਼ੁਹਰਤ,ਉਹ ਆਲਮਗੀਰ ਦਿਸਦੀ ਹੈ।
ਉਹ ਠੰਢੇ ਬੁਰਜ ਦੇ ਕੈਦੀ, ਦੀਵਾਰਾਂ ਵਿਚ ਖੜੇ ਘਾਇਲ,
ਲਹੂ-ਲਿਬੜੀ ਮਾਸੂਮਾਂ ਦੀ, ਪਈ ਤਸਵੀਰ ਦਿਸਦੀ ਹੈ।
ਓ ਕਲਗੀ ਵਾਲਿਆ ਸਾਈਆਂ, ਕਰਾਂ ਮਹਿਮਾ ਮੈਂ ਕੀ ਤੇਰੀ,
ਤੇਰੇ ਸਿਖ-ਸਾਦਕਾਂ ਅੰਦਰ, ਤੇਰੀ ਤਸਵੀਰ ਦਿਸਦੀ ਹੈ।

ਮੁਨੱਵਰ = ਰੌਸ਼ਨ। ਤਨਵੀਰ = ਰੌਸ਼ਨੀ, ਨੂਰੀ ਚਮਕ। ਬਾਦੇ ਸਬੱਾ = ਸਵੇਰ ਦੀ ਹਵਾ। ਮਜਾਹਿਦ = ਸੂਰਬੀਰ, ਅਣਖੀ। ਪਾਕਬਾਜ਼ = ਸੁੱਚੇ ਚਲਣ ਵਾਲਾ। ਤੌਕੀਰ = ਇੱਜ਼ਤ, ਆਬਰੂ। ਆਲਮਗੀਰ = ਸਾਰੇ ਸੰਸਾਰ ਦੀ


www.AKJ.Org

# ਭੀਖਣ ਸ਼ਾਹ ਦੀ ਦੀਦਾਰ-ਸਿੱਕ

[ਗਿ: ਗੋਪਾਲ ਸਿੰਘ 'ਮਿੱਤਰ', ਗੁੜਗਾਉਂ]

ਪੂਰਬ ਗੁੱਠ ਵਲ ਉਤਰਿਆ ਵੇਖ ਚਾਨਣ, 'ਭੀਖਣ ਸ਼ਾਹ' ਘੁੜਾਮੋਂ ਰਵਾਨ ਹੋਇਆ।
ਲੈ ਕੇ ਨਾਲ ਮੁਰੀਦਾਂ ਨੂੰ ਸਫ਼ਰ ਕਰਦਾ, ਦਾਖ਼ਲ ਸ਼ਹਿਰ ਪਟਨੇ ਅੰਦਰ ਆਣ ਹੋਇਆ।
ਮਾਤ ਗੁਜਰੀ ਦੀ ਗੋਦ ਅਜ ਹਰੀ ਹੋਈ, ਬਾਲਕ ਜਨਮਿਆ, ਲੋਕੀ ਸੁਣਾ ਰਹੇ ਸਨ।
ਵੰਡੇ ਜਾ ਰਹੇ ਪਤਾਸੇ ਮਠਿਆਈਆਂ ਵੀ, ਭਰ ਭਰ ਝੋਲੀਆਂ ਲੋਕ ਲਿਜਾ ਰਹੇ ਸਨ।
ਪੁੱਜ ਗਿਆ ਹਵੇਲੀ ਦੇ ਬਾਹਰ 'ਭੀਖਣ', ਬੈਠਾ ਬੂਹੇ ਤੇ ਆਸਣ ਲਗਾ ਕੇ ਤੇ।
ਕਹਿੰਦੇ ਮਾਮਾ 'ਕਿਰਪਾਲ' ਫ਼ਕਰ ਸਾਈਂ ! ਕੀ ਮੰਗ ਹੈ ? ਦੱਸੋ ਸੁਣਾ ਕੇ ਤੇ।
ਕਪੜੇ ਲਵੋ ਮਠਿਆਈਆਂ ਥਾਲ ਭਰ ਕੇ ਜੋ ਕੁਝ ਚਾਹੁੰਦੇ ਹੋ ਮੂੰਹੋਂ ਬੋਲ ਦੱਸੋ।
ਜਿੰਨੀ ਕਹੋ ਮਾਇਆ ਉਨੀ ਦੇਂਵਦੇ ਹਾਂ, ਰਾਜ਼ ਹਿਰਦੇ ਦਾ ਸਾਰਾ ਈ ਖੋਲ੍ਹ ਦੱਸੋ।
ਬੁਲ੍ਹ ਪੀਰ ਨੇ ਖੋਲ੍ਹੇ ਤੇ ਆਖਿਆ ਇੰਜ, ਮੈਨੂੰ ਕਿਸੇ ਵੀ ਸ਼ੈ ਦੀ ਲੋੜ ਨਹੀਂ ਏ।
ਏਸ ਦੇਸ਼ ਵਿਚ ਮੇਰੇ ਮੁਰੀਦ ਲੱਖਾਂ, ਮੈਨੂੰ ਧਨ ਪਦਾਰਥ ਦੀ ਥੋੜ ਨਹੀਂ ਏ।
ਕਹਿੰਦਾ ਮੈਂ ਮਰਾਕਬੇ ਵਿਚ ਤਕਿਐ, ਅੱਲ੍ਹਾ ਪਾਕ ਦਾ ਇੱਥੇ ਜ਼ਹੂਰ ਹੋਇਐ।
ਕੇਵਲ ਉਹਦਾ ਦੀਦਾਰ ਮੈਂ ਲੋਚਦਾ ਹਾਂ, ਜਿਸ ਦੇ ਨਾਲ ਪਟਨਾ ਨੂਰੋ ਨੂਰ ਹੋਇਐ।
ਮਾਤਾ ਆਖਿਆ, ਬਾਲਕ ਹੈ ਬਹੁਤ ਛੋਟਾ, ਬਾਹਰ ਕੱਢਣਾ ਅਜੇ ਨ ਲੋੜਦੇ ਹਾਂ।
ਫੇਰ ਆਉਣਾ ਦਰਸ਼ਨ ਕਰਾ ਦਿਆਂਗੇ, ਅੱਜ ਤੇਰੇ ਅੱਗੇ ਹੱਥ ਜੋੜਦੇ ਹਾਂ।
ਪੁਰ-ਜਲਾਲ ਹੋ ਕੇ ਭੀਖਣ ਕਿਹਾ ਅੱਗੋਂ, ਦੂਰੋਂ ਆਇਆ ਹਾਂ ਕਰਨ ਦੀਦਾਰ ਖ਼ਾਤਰ।
ਖ਼ਾਲੀ ਜਾਣਾ ਨਹੀਂ ਬਾਝ ਦੀਦਾਰ ਪਾਏ, ਮੰਨੋ ਮੰਗ ਮੇਰੀ ਪਰਵਰਦਗਾਰ ਖ਼ਾਤਰ।
ਅੰਦਰ ਭੈਣ ਭਰਾ ਸਲਾਹ ਕੀਤੀ, ਸਮਾਂ ਨਾਜ਼ਕ ਹੈ ਪੀਰ ਵੀ ਅੜ ਗਿਆ ਏ।
ਦਰਸ਼ਨ ਕਰਨ ਲਈ ਬਾਲਕ ਦੇ ਅੱਜ ਹੀ ਅੱਜ, ਫ਼ਕਰ ਇਹ ਵੀ ਜ਼ਿੱਦ ਤੇ ਚੜ੍ਹ ਗਿਆ ਏ।
ਭਲੀ ਕਰੇਗਾ ਵਾਹਿਗੁਰੂ ਸੋਚਿਆ ਇੰਜ, ਨਾ ਹੁਣ ਖ਼ਾਲੀ ਫ਼ਕੀਰ ਨੂੰ ਜਾਣ ਦੇਈਏ।
ਏਦਾਂ ਕਰੀਏ, ਹਵੇਲੀ ਦੇ ਬਾਹਰ ਸਾਰੇ, ਆਸ ਪਾਸ 'ਮਿੱਤਰ' ਕਪੜੇ ਤਾਣ ਦੇਈਏ।
ਏਸੇ ਤਰ੍ਹਾਂ ਹੀ ਵਿਉਂਤ ਬਣਾ ਕੇ ਤੇ, ਪਰਦੇ ਵਿਚ ਫ਼ਕੀਰ ਬਿਠਾ ਦਿੱਤਾ।
ਬਾਹਰ ਸਾਰੇ ਮੁਰੀਦਾਂ ਨੂੰ ਰਹਿਣ ਦਿੱਤਾ, ਅੰਦਰ ਸੋਹਣਾ ਪਲੰਘ ਵਿਛਾ ਦਿੱਤਾ।
ਜਾਮੇ ਮਖ਼ਮਲੀ ਵਿਚ ਲਪੇਟ ਕੇ ਤੇ, ਲੈ 'ਕਿਰਪਾਲ' ਭਣੇਵੇਂ ਨੂੰ ਬਾਹਰ ਆਏ।
ਤਕ ਕੇ ਚੰਦ ਮੁਖੜਾ ਨੂਰੀ ਚੰਨ ਸੂਰਜ ਤਾਰੇ ਕਰਨ ਦੇ ਲਈ ਦੀਦਾਰ ਆਏ।
ਰੱਬੀ ਨੂਰ ਪਲੰਘ ਬਿਰਾਜਿਆ ਜਦ, ਭੀਖਣ ਸ਼ਾਹ ਨੇ ਰਜ ਰਜ ਦੀਦਾਰ ਕੀਤਾ।
ਮੂੰਹੋਂ ਕਹੇ 'ਸੁਬਹਾਨ ਸੁਬਹਾਨ ਅੱਲ੍ਹਾ', ਨਿਉਂ ਨਿਉਂ ਬਾਲਕ ਨੂੰ ਸਜਦਾ ਕਈ ਵਾਰ ਕੀਤਾ।
ਪਾ ਕੇ ਹੱਥ ਥੈਲੇ ਵਿਚੋਂ ਕੱਢ 'ਮਿੱਤਰ', ਚਰਨਾਂ ਵਿਚ ਦੋ ਕੁੱਜੇ ਟਿਕਾਇਓ ਸੂ।
ਦੁੱਧ ਪਾਣੀ ਦੇ ਭਰੇ ਪ੍ਰੀਖਿਆ ਲਈ, ਰਖ ਕੇ ਕਦਮਾਂ ਤੇ ਸੀਸ ਨਿਵਾਇਓ ਸੂ।
ਅੰਤਰਜਾਮੀ ਉਸ ਬਾਲ 'ਗੋਬਿੰਦ' ਜੀ ਨੇ, ਛੋਹ ਚਰਨਾਂ ਦੀ ਨਾਲ ਬਖੇਰ ਦਿੱਤੇ।
ਦੁੱਧ ਪਾਣੀ ਦੇ ਮੇਲ ਨੇ ਪੀਰ ਜੀ ਦੇ ਭਰਮਾਂ ਵਹਿਮਾਂ ਦੇ ਬਖੀਏ ਉਧੇੜ ਦਿੱਤੇ।
ਭਜਨ ਬੰਦਗੀ ਵਾਲਾ ਸੀ ਪੀਰ ਵੀ ਇਹ, ਜਾਣ ਗਿਆ ਇਹ ਪੀਰਾਂ ਦਾ ਪੀਰ ਆਇਐ।
ਦੋਹਾਂ ਕੌਮਾਂ ਨੂੰ ਇੱਕੋ ਜਿਹਾ ਰੱਖਸੀ ਇਹ, ਸਾਰੇ ਜੱਗ ਦਾ ਬਣ ਦਸਤਗੀਰ ਆਇਐ।
ਜਬਰ ਜ਼ੁਲਮ ਨੂੰ ਜੜ੍ਹਾਂ ਤੋਂ ਪੁਟਣੇ ਲਈ, ਬੀਜ ਕਰੇਗਾ ਨਾਸ ਹਤਿਆਰਿਆਂ ਦਾ।
ਅੱਲ੍ਹਾ ਵਾਲਿਆਂ ਦੀ ਰੱਖਿਆ ਕਰੇਗਾ ਇਹ, ਸਾਥੀ ਬਣੇਗਾ 'ਮਿੱਤਰ' ਪਿਆਰਿਆਂ ਦਾ।

www.AKJ.Org

# ਸਤਿਗੁਰੁ ਦਾਤਾ ਨਾਮ ਕਾ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਪਛਮੀ ਵਿਦਿਆ ਦਾ ਚੰਡਿਆ ਮਨੁਖ ਇਕੀਵੀਂ ਸਦੀ ਵਿਚ ਪਰਵੇਸ਼ ਕਰਨ ਦੀ ਤਿਆਰੀ ਵਿਚ ਹੈ। ਆਪਣੀ ਸਿਆਣਪ ਦੇ ਤੇਜ ਨੇ ਉਸ ਨੂੰ ਇਹ ਸੁਝਾਇਆ ਹੈ ਕਿ ਆਤਮ-ਗਿਆਨ ਦੀ ਪ੍ਰਾਪਤੀ ਦੀ ਲੋੜ ਹੈ। ਅਤੇ ਉਹ ਅੰਦਰਖਾਤੇ ਇਸ ਦੀ ਘਾਟ ਜ਼ਰੂਰ ਮਹਿਸੂਸ ਕਰਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ "ਮੈਂ ਹਾਂ"। ਸਾਇੰਸ ਤਾਂ ਉਸਨੂੰ ਇਸ ਤੋਂ ਵੱਧ ਨਹੀਂ ਦਸ ਸਕਦੀ ਕਿ "ਤੂੰ ਕਣਾਂ ਦਾ ਬਣਿਆ ਹੋਇਆ ਹੈਂ", ਇਸ ਕਰਕੇ ਉਸਦੀ ਤਸੱਲੀ ਨਹੀਂ ਹੁੰਦੀ। ਉਹ ਇਹ ਤਾਂ ਮੰਨਣ ਨੂੰ ਤਿਆਰ ਨਹੀਂ ਕਿ ਉਹ ਭੀ ਅਨੇਕ ਵਸਤੂਆਂ ਵਾਂਗ ਕੇਵਲ ਇਕ ਵਸਤੂ ਹੀ ਹੈ, ਜਾਂ ਕੇਵਲ ਕਣਾਂ ਦਾ ਬਣਿਆ ਹੋਇਆ ਇਕ ਢਾਂਚਾ ਹੀ ਹੈ। ਉਹ ਪ੍ਰਤੀਤ ਕਰਦਾ ਹੈ ਕਿ ਉਸ ਦਾ ਸਰੀਰ ਕਣਾਂ ਦਾ ਹੋ ਸਕਦੈ, ਪਰ ਉਹ ਆਪ ਕੁਝ ਹੋਰ ਹੈ। ਪਰ ਉਹ ਹੈ ਕੀ?

"ਕੀ ਮਨੁਖ ਸੰਸਾਰਕ ਗਿਆਨ ਰਾਹੀਂ ਆਤਮ-ਗਿਆਨ ਦੀ ਪ੍ਰਾਪਤੀ ਨਹੀਂ ਕਰ ਸਕਦਾ?" ਇਹ ਪ੍ਰਸ਼ਨ ਉਸਦੇ ਮਨ ਵਿਚ ਚੁਭਦੇ ਰਹਿੰਦੇ ਹਨ। ਉਤਰ ਆਉਂਦਾ ਨਹੀਂ, ਭਟਕਦਾ ਫਿਰਦਾ ਹੈ। ਫਿਰ ਉਹ ਆਤਮ-ਰਸੀਆਂ ਨੂੰ ਪੁਛਦਾ ਹੈ, "ਆਤਮ-ਗਿਆਨ ਲਈ ਗੁਰੂ ਧਾਰਨ ਕਰਨ ਦੀ ਕਿਉਂ ਲੋੜ ਹੈ?"

ਮਨੋ-ਵਿਗਿਆਨੀਆਂ ਦਾ ਮਤ ਹੈ ਕਿ ਮਨੁਖ ਆਪਣੀਆਂ ਮੂਲ ਪਰਵਿਰਤੀਆਂ (Ins tincts) ਦਾ ਚਲਾਇਆ ਚਲਦਾ ਹੈ। ਇਸੇ ਗੱਲ ਨੂੰ ਗੁਰੂ ਮਹਾਰਾਜ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਮਨੁਖ ਦਾ ਵਿਵਹਾਰ ਪੰਜ ਪਰਵਿਰਤੀਆਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਆਧਾਰ ਤੇ ਚਲਦਾ ਹੈ। ਜੇ ਕਿਸੇ ਵਿਚ ਕਾਮ ਦੀ ਮਾਤਰਾ ਵੱਧ ਜਾਏ ਤਾਂ ਉਹ ਕਾਮੀ ਹੋ ਜਾਂਦਾ ਹੈ, ਜੇ ਲੋਭ ਵੱਧ ਜਾਏ ਤਾਂ ਲੋਭੀ। ਇਸ ਤਰ੍ਹਾਂ ਕ੍ਰੋਧੀ, ਹੰਕਾਰੀ। ਅਤੇ ਇਸੇ ਤਰ੍ਹਾਂ ਮੋਹ ਕਰਕੇ ਬੰਦਾ ਅਗਿਆਨਤਾ-ਵਸ ਹੋ ਕੇ ਸੰਸਾਰ ਦੀ ਹਰ ਚੀਜ਼ ਨਾਲ ਮੋਹ ਪਾ ਬੈਠਦਾ ਹੈ– ਪਰਿਵਾਰ ਨਾਲ, ਧਨ ਜਾਇਦਾਦ ਨਾਲ, ਆਪਣੇ ਰੁਤਬੇ ਨਾਲ।

ਸੰਸਾਰਕ ਵਿਦਿਆ ਅਕਲ ਨੂੰ ਤੇਜ਼ ਤਾਂ ਜ਼ਰੂਰ ਕਰਦੀ ਹੈ, ਪਰ ਉਹ ਕਾਮੀ, ਕ੍ਰੋਧੀ, ਲੋਭੀ ਜਾਂ ਹੰਕਾਰੀ ਨੂੰ ਗਿਰਿਆ ਹੋਇਆ ਵਿਹਾਰ ਕਰਨ ਤੋਂ ਰੋਕ ਨਹੀਂ ਸਕਦੀ। ਲੋਭੀ ਪੁਰਸ਼ ਆਪਣੀ ਬੁਧੀ ਰਾਹੀਂ ਆਪਣੇ ਲੋਭ ਨੂੰ ਉਚਿਤ ਦਸਣ ਲਈ ਕਈ ਦਲੀਲਾਂ ਦਿੰਦਾ ਹੈ। ਇਸੇ ਤਰ੍ਹਾਂ ਕਾਮੀ ਅਤੇ ਹੰਕਾਰੀ ਆਪਣੀ ਬੁਧੀ ਨੂੰ ਆਪਣੇ ਦੁਰਵਿਹਾਰ ਨੂੰ ਠੀਕ ਦਸਣ ਲਈ ਵਰਤਦੇ ਹਨ। ਮਨੁਖ ਆਪਣੀ ਬੁਧੀ ਦੀ ਅਗਵਾਈ ਹੇਠ ਸਗੋਂ ਆਤਮਕ ਤੌਰ ਤੇ ਕਮਜ਼ੋਰ ਹੀ ਹੁੰਦਾ ਹੈ, ਤਕੜਾ ਨਹੀਂ ਹੋ ਸਕਦਾ। ਅਜਿਹੇ ਹਾਲਾਤ ਵਿਚ, ਜਾਂ ਅਜਿਹੇ ਚੁਗਿਰਦੇ ਜਾਂ ਮਾਹੌਲ ਵਿਚ ਜੀਵਨ ਬਿਤਾਉਂਦਿਆਂ ਮਨੁਖ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਦੇ ਘੇਰੇ ਤੋਂ ਉਪਰ ਨਹੀਂ ਉਠ ਸਕਦਾ।

ਆਤਮਕ ਜਗਿਆਸਾ ਉਸ ਅਵਸਥਾ ਨੂੰ ਆਖਦੇ ਹਨ ਜੋ ਇਸ ਘੇਰੇ ਤੋਂ ਉਪਰ ਉੱਠ ਕੇ ਪੈਦਾ ਹੁੰਦੀ ਹੈ। ਹੰਸ ਮਾਨਸਰੋਵਰ ਦਾ ਵਾਸੀ ਹੈ, ਇਕ ਖੂਹ ਦੇ ਡੱਡੂ ਦੇ ਮੁਕਾਬਲੇ ਉਸ ਦਾ ਘੇਰਾ ਮਹਾਨ ਵਿਸ਼ਾਲ ਹੁੰਦਾ ਹੈ। ਇਹੋ ਹਾਲ ਸਾਧਾਰਨ ਮਨੁਖ ਦੇ ਵਿਹਾਰ ਦਾ ਹੈ, ਜੋ ਡੱਡੂ ਸਮਾਨ ਆਪਣੇ ਸੌੜੇ ਜਿਹੇ ਘੇਰੇ ਨੂੰ ਹੀ ਸਭ ਕੁਝ ਸਮਝੀ ਬੈਠਾ ਹੈ। ਉਸ ਨੂੰ ਹੰਸ ਦੇ ਵਿਸ਼ਾਲ ਘੇਰੇ ਦਾ ਕੀ ਪਤੇ? ਗੁਰੂ ਮਾਨ ਸਰੋਵਰ ਹੈ, ਜਿਥੇ ਸੱਚ ਦੇ ਜਗਿਆਸੂ-ਹੰਸ ਵਿਚਰਦੇ ਹਨ ਅਤੇ ਰਤਨ-ਪਦਾਰਥ ਦੀ ਚੋਗ ਚੁਗਦੇ ਹਨ। ਨਾਮ ਹੈ ਉਸ ਮਾਨ ਸਰੋਵਰ ਦਾ ਪਦਾਰਥ। ਗੁਰਵਾਕ ਹੈ– ਗੁਰੁ ਸਰਵਰੁ ਮਾਨਸਰੋਵਰੁ ਹੈ, ਵਡਭਾਗੀ ਪੁਰਖ ਲਹੰਨਿ॥
ਸੇਵਕ ਗੁਰਮੁਖਿ ਖੋਜਿਆ, ਸੇ ਹੰਸੁਲੇ ਨਾਮੁ ਲਹੰਨਿ ॥੨॥ (ਸੂਹੀ ਮ: ੩, ਪੰਨਾ ੭੫੬-੫੭)

ਉਪਰਲੇ ਗੁਰਵਾਕ ਦੀ ਵਿਆਖਿਆ ਭਾਈ ਗੁਰਦਾਸ ਜੀ ਇਉਂ ਕਰਦੇ ਹਨ :–



www.AKJ.Org

ਧਰਮ ਸਾਲ ਹੈ ਮਾਨਸਰੁ, ਹੰਸ ਗੁਰਸਿਖ ਵਾਹੁ ॥
ਰਤਨ ਪਦਾਰਥ ਗੁਰਸਬਦੁ, ਕਰਿ ਕੀਰਤਨ ਖਾਹੁ ॥ (ਵਾਰ ੯-੧੪)

ਮਾਨ ਸਰੋਵਰ, ਹੰਸ ਅਤੇ ਰਤਨਾਂ ਦਾ ਇਹੋ ਅਲੰਕਾਰ ਬੰਨ੍ਹ ਕੇ ਰਾਮਕਲੀ ਕੀ ਵਾਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਉਂ ਨਿਰੂਪਣ ਕੀਤਾ ਹੈ :-

ਸਤਿਗੁਰੁ ਸਰਵਰੁ ਰਤਨੀ ਭਰਪੂਰੇ, ਜਿਸੁ ਪ੍ਰਾਪਤਿ ਸੋ ਪਾਵੈ ॥
ਸਿਖ ਹੰਸ ਸਰਵਰਿ ਇਕਠੇ ਹੋਏ, ਸਤਿਗੁਰ ਕੈ ਹੁਕਮਾਵੈ ॥
ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ, ਖਾਇ ਖਰਚਿ ਰਹੇ ਤੋਟਿ ਨ ਆਵੈ ॥
ਸਰਵਰ ਹੰਸੁ ਦੂਰਿ ਨ ਹੋਈ, ਕਰਤੇ ਏਵੈ ਭਾਵੈ ॥
ਜਨ ਨਾਨਕ ਜਿਸ ਦੈ ਮਸਤਕਿ ਭਾਗੁ ਧੁਰਿ ਲਿਖਿਆ, ਸੋ ਸਿਖੁ ਗੁਰੂ ਪਹਿ ਆਵੈ ॥
ਆਪਿ ਤਰਿਆ, ਕੁਟੰਬ ਸਭਿ ਤਾਰੇ, ਸਭਾ ਸ੍ਰਿਸਟਿ ਛਡਾਵੈ ॥੧॥੭॥ (ਸਲੋਕ ਮ: ੫, ਪੰਨਾ ੯੬੦)

ਗੁਰਬਾਣੀ ਦੀ ਰੌਸ਼ਨੀ ਵਿਚ ਇਹ ਸਪੱਸ਼ਟ ਹੈ ਕਿ ਮਨੁਖ ਗੁਰੂ ਦੀ ਅਗਵਾਈ ਬਿਨਾਂ ਆਪਣੇ ਸੌੜੇ ਜਿਹੇ ਘੇਰੇ ਚੋਂ ਉਪਰ ਨਹੀਂ ਉਠ ਸਕਦਾ। ਇਹ ਰੱਬੀ ਅਟੱਲ ਨਿਯਮ ਹੈ ਕਿ ਹੰਸ (ਸਿਖ)-ਜਗਿਆਸੂ ਦਾ ਸਤਿਗੁਰੂ (ਮਾਨ ਸਰੋਵਰ) ਨਾਲ ਮਿਲਾਪ ਧੁਰੋਂ ਲਿਖੇ ਭਾਗਾਂ ਅਨੁਸਾਰ ਹੁੰਦਾ ਹੈ। ਉਸੇ ਦੀ ਪਵਿਤਰ ਸੰਗਤ ਨਾਲ ਉਸ ਦਾ ਅੰਦਰਲਾ-ਆਪਾ ਉੱਚਾ ਹੋ ਹੋ ਜਾਂਦਾ ਹੈ। ਇਸ ਅਵਸਥਾ ਵਿਚ ਪੁਜ ਕੇ ਉਹ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਭੀ ਉਚਿਆਂ ਉਠਾਲਦਾ ਹੈ।

ਗੁਰਸਿਖ ਜਿਸ ਸਤਿਗੁਰੂ ਦੇ ਲੜ ਲਗਦਾ ਹੈ ਉਹ ਨਾਮ ਦਾ ਦਾਤਾ, ਪ੍ਰਭੂ ਜੀ ਨਾਲ ਇਕ-ਮਿਕ ਹੋਇਆ ਹੁੰਦਾ ਹੈ। ਉਹ ਜਗਿਆਸੂ ਨੂੰ ਜੀਅ-ਦਾਨ ਬਖ਼ਸ਼ਣਹਾਰਾ ਹੈ। ਐਸਾ ਸਤਿਗੁਰੂ ਸਹਸ-ਸਿਆਣਪਾਂ ਨਾਲ ਪ੍ਰਾਪਤ ਨਹੀਂ ਹੋ ਸਕਦਾ, ਸਗੋਂ ਪੂਰਨ ਭਾਗਾਂ ਦੇ ਉਦੇ ਹੋਣ ਤੇ ਹੀ ਉਸ ਨੂੰ ਮਿਲਿਆ ਜਾ ਸਕਦਾ ਹੈ। ਸਤਿਗੁਰੂ ਪੰਚਮ ਪਾਤਸ਼ਾਹ ਸੁਖਮਨੀ ਸਾਹਿਬ ਵਿਚ ਇਸ ਦਾ ਨਿਰਣਾ ਇਉਂ ਕਰਦੇ ਹਨ—

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥ (ਸਲੋਕ)

ਅਤੇ- ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥
ਸਰਬ ਨਿਧਾਨ ਜੀਅ ਕਾ ਦਾਤਾ ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥
ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥
ਸਹਸ ਸਿਆਨਪ ਲਇਆ ਨ ਜਾਈਐ ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥੧੮॥

ਸਤਿਗੁਰੂ ਜਗਿਆਸੂ ਨੂੰ ਵਾਹਿਗੁਰੂ ਜੀ ਨਾਲ ਮਿਲਾਵਣਹਾਰ ਹੈ ਅਤੇ ਉਸ ਗੁਰੂ ਦੇ ਨਾਮ ਦੇ ਭੰਡਾਰੇ ਅਖੁਟ ਤੇ ਅਪਾਰ ਹਨ। ਇਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਸਿਰੀ ਰਾਗ ਵਿਚ ਸਿਖ ਨੂੰ ਅਜਿਹੀ ਜੋਦੜੀ ਕਰਨ ਲਈ ਪ੍ਰੇਰਦੇ ਹਨ-

ਤਿਸੁ ਆਗੈ ਅਰਦਾਸਿ ਕਰਿ, ਜੋ ਮੇਲੇ ਕਰਤਾਰੁ ॥
ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥੩॥੮੯॥ (ਪੰਨਾ ੪੯)

---


**ਪਾਠਕ ਜੀ—** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੇਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਮ ਤੇ ਨਾ ਭੇਜੋ ਜੀ।

(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।





www.AKJ.Org

# ਬਾਣੀ ਕਹੇ ਜੋ, ਕਰੀਏ ਕਾਰ ਓਹਾ

[ਸ: ਅਤਰ ਸਿੰਘ 'ਨੀਰ', 289 A./Q.U. ਪੀਤਮਪੁਰਾ, ਦਿੱਲੀ 34]

ਤੜਕ ਫੜਕ ਵਿਕਾਰਾਂ ਦੀ ਖਾਈ ਜਾਵੇ, ਆਤਮਕ ਤੌਰ ਤੇ ਨਿਘਰਦੇ ਜਾ ਰਹੇ ਹਾਂ।
ਨਾਮੁ ਨਾਮੀ ਦੇ ਨਾਲ ਹੈ ਜੋੜ ਦੇਂਦਾ, ਬਾਝ ਨਾਮ ਦੇ ਨਾਂ ਬਣਾ ਰਹੇ ਹਾਂ।
ਸ਼ਬਦ ਗੁਰੂ ਤੇ ਪੂਜਾ ਅਕਾਲ ਜੀ ਦੀ, ਨਿਤ ਗਾਂਵਦੇ ਪੜ੍ਹਦੇ ਜਾ ਰਹੇ ਹਾਂ।
ਐਪਰ ਅਮਲ ਦੇ ਬਾਝ ਨਾ ਜ਼ਿੰਦਗੀ ਏ, ਤਾਹੀਓਂ ਚਕਰਾਂ ਚਿ ਚੱਕਰ ਖਾ ਰਹੇ ਹਾਂ।
ਗੁਰੂ ਗਰੰਥ ਹੈ ਹਲ ਕੁਲ ਮੁਸ਼ਕਲਾਂ ਦਾ, ਸਮੁਚੇ ਜਗਤ ਲਈ ਇਕੋ ਹੀ ਧਰਮ ਵੀਰੋ।
ਵਾਹਿਗੁਰੂ ਇਕ ਹੈ, ਇਕ ਹੈ, ਸਿਰਫ਼ ਇਕੋ, ਝੂਠੀ ਚਾਤਰੀ ਤੇ ਹੋਰ ਭਰਮ ਵੀਰੋ।

ਰੱਬ ਵਸਦਾ ਹਰ ਇਕ ਦਿਲ ਅੰਦਰ, ਜਿਵੇਂ ਫੁਲ ਦੇ ਵਿਚ ਖ਼ੁਸ਼ਬੋ ਵੱਸੇ।
ਜ਼ੱਰੇ ਜ਼ੱਰੇ ਚਿ ਉਸ ਦਾ ਨੂਰ ਲਿਸ਼ਕੇ, ਕੱਣ ਕੱਣ ਵਿਚ ਉਸ ਦੀ ਸੋ ਵੱਸੇ।
ਜਿਵੇਂ ਦੁਧ ਤੇ ਦਹੀਂ ਤੇ ਮੱਖਣ ਅੰਦਰ, ਲਪਟਾਂ ਭਰਿਆ ਮਹਿਕਦਾ ਘਿਉ ਵੱਸੇ।
ਵਸਦਾ ਰੱਬ ਹੈ ਹਰ ਥਾਂ ਹਰ ਪਾਸੇ, ਸਿਰਫ਼ ਮਗਰਬ ਦੇ ਵਿਚ ਨ ਉਹ ਵੱਸੇ।
ਮੱਕਾ ਫਿਰਿਆ ਅਰਬੀਆਂ ਦੀ ਅੱਖ ਉਘੜੀ, ਅਸੀਂ ਮੰਨ ਕੇ ਵੀ ਅਖੀਆਂ ਬੰਦ ਕਰੀਏ।
ਚਿਤਰ ਚਿਤਰੀਏ ਵਚਿਤ੍ਰ ਨਿਤ ਚਿਤ ਅੰਦਰ, ਨਵੇਂ ਨਵੇਂ ਹੀ ਰੋਜ਼ ਉਸ਼ਟੰਡ ਕਰੀਏ।

ਅਖੰਡ ਪਾਠ ਵਿਚ ਸ਼ਰਧਾ ਅਪਾਰ ਰਖੀਏ, ਖ਼ਰਚ ਕਰੀਏ ਤਮ ਤੜਾਕ ਦੇ ਨਾਲ।
ਟਿਕੀਏ ਆਪ ਨ ਮਨ ਟਿਕਾਅ ਬਹੀਏ, ਟੇਕ ਰਖੀਏ ਨ ਗੁਰੂ ਦੇ ਵਾਕ ਦੇ ਨਾਲ।
ਸੰਗਤ ਜੁੜੀਂ ਵਿਚੋਂ ਮੁਖ ਮੋੜ ਉਠੀਏ, ਜੋੜ ਜੋੜੀਏ ਜੰਡਲੀ ਨਾਪਾਕ ਦੇ ਨਾਲ।
ਵਪਾਰੀ ਅੰਮ੍ਰਿਤ ਦਾ, ਬੜੀ ਅਫ਼ਸੋਸ ਦੀ ਗੱਲ, ਉਲਝ ਜਾਂਦਾ ਏ ਬੋਤਲ ਦੇ ਕਾਕ ਨਾਲ।
ਸਤਿਗੁਰੂ ਦਾ ਅਸਲ ਉਪਦੇਸ਼ ਭੁਲਿਆ, ਸਿਖਾਂ ਫੜ ਲਈ ਹੋਰ ਹੀ ਕਾਰ ਅੱਜ ਕਲ੍ਹ।
ਬੇਪ੍ਰਤੀਤੀ ਦੀ ਖੋਭ ਵਿਚ ਜਾ ਡਿਗੇ, ਹੋ ਰਹੇ ਤਾਹੀਓਂ ਹੀ ਹਾਂ ਖੁਆਰ ਅੱਜ ਕਲ੍ਹ।

ਪੁਤ ਜਿਹੜਾ ਵੀ ਪਿਤਾ ਦਾ ਹੁਕਮ ਮੰਨੇ, ਪਿਤਾ ਉਸ ਤੋਂ ਹੈ ਬਲਿਹਾਰ ਹੁੰਦਾ।
ਹੁਕਮ ਮੰਨਣਾ ਨ, ਮੱਥੇ ਟੇਕ ਛਡਣੇ, ਇਸ ਨਾਲ ਨਹੀਂ ਕੋਈ ਸਤਿਕਾਰ ਹੁੰਦਾ।
ਗੁਰੂ-ਹੁਕਮ ਨੂੰ ਜੋ ਪਰਵਾਨ ਕਰਦੇ, ਬੇੜਾ ਉਨ੍ਹਾਂ ਦਾ ਸਦਾ ਹੀ ਪਾਰ ਹੁੰਦਾ।
ਲਹਿਣੇ ਵਾਂਗ ਪ੍ਰਾਪਤੀਆਂ ਕਰ ਲੈਂਦੇ, ਟਿੱਕਾ ਕੇਸਰ ਦਾ, ਜੱਸ ਸੰਸਾਰ ਹੁੰਦਾ।
ਸਾਡਾ ਗੁਰੂ ਹੈ ਗੁਰੂ ਗਰੰਥ ਸਾਹਿਬ, ਨਾਲ ਸਿਦਕ ਦੇ 'ਨੀਰ' ਨਮਸਕਾਰ ਕਰੀਏ।
ਬਾਣੀ ਕਹੇ ਜੋ, ਕਰੀਏ ਕਾਰ ਓਹਾ, ਜਨਮ ਸਫਲਾ ਵਿਚ ਸੰਸਾਰ ਕਰੀਏ।

ਆਵੋ ਸੰਗਤ ਵਿਚ ਸਿਦਕ ਭਰਪੂਰ ਹੋ ਕੇ, ਵਾਹਿਗੁਰੂ ਸ਼ਬਦ ਦਾ ਮਨ ਵਿਚ ਰਾਗ ਹੋਵੇ।
ਦਰਸ਼ਨ ਕਰ ਕੇ ਸੰਗਤਾਂ ਪਿਆਰੀਆਂ ਦਾ, ਮਨ ਖਿੜ ਖਿੜ ਕੇ ਬਾਗੋ ਬਾਗ ਹੋਵੇ।
ਹੋਵੇ ਕਪੜਾ ਸੁਥਰਾ ਸਾਫ਼ ਸੋਹਣਾ, ਨਾਲ ਵਿਕਾਰਾਂ ਦੀ ਨ ਕੋਈ ਲਾਗ ਹੋਵੇ।
ਨਜ਼ਰਾਂ ਟਿਕੀਆਂ ਗੁਰੂ ਸਰੂਪ ਉਤੇ, ਮਸਤਕ ਝੁਕਿਆ ਰੋਸ਼ਨ ਚਰਾਗ ਹੋਵੇ।
ਬੁਲ੍ਹੀਆਂ ਰੰਗੀਆਂ ਸ਼ਿਫ਼ਤ-ਸਲਾਹ ਅੰਦਰ, ਗਾਵਨ ਸਦਾ ਸਰਬੱਤ ਦਾ ਭਲਾ ਹੋਵੇ।
ਬਖ਼ਸ਼ਸ਼ਾਂ ਰਹਿਮਤਾਂ 'ਨੀਰ' ਅਪਾਰ ਮਿਲਣ, ਸੁਰਤ ਉਚੀ ਤੇ ਚੜ੍ਹਦੀ ਕਲਾ ਹੋਵੇ।



www.AKJ.Org

# ਅਬਲਾਵਾਂ ਤੋਂ ਸਿੰਘਣੀਆਂ

[ਪ੍ਰਿੰਸੀਪਲ ਨਾਹਰ ਸਿੰਘ ਜ਼ੀ, ਕ੍ਰਿਸ਼ਨ ਨਗਰ, ਲੁਧਿਆਣਾ]

ਸਤਿਗੁਰੂ ਦਸਮੇਸ਼ ਜੀ ਨੇ ਤਾਂ ਸਾਰੇ ਬੰਧਨ ਤੋੜ ਦਿੱਤੇ। ਖੰਡੇ ਬਾਟੇ ਦਾ ਅੰਮ੍ਰਿਤ ਸੰਚਾਰ ਇਸਤ੍ਰੀਆਂ ਲਈ ਵੀ ਲਾਗੂ ਕੀਤਾ। ਸਗੋਂ ਮਾਤਾ ਜੀਤੋ ਜੀ ਨੇ ਅੰਮ੍ਰਿਤ ਦੀ ਤਿਆਰੀ ਵਿਚ ਪਤਾਸੇ ਪਾ ਕੇ ਅੰਮ੍ਰਿਤ ਬਣਾਉਣ ਵਿਚ ਗੁਰੂ ਜੀ ਦਾ ਸਾਥ ਦਿੱਤਾ। ਅੰਮ੍ਰਿਤ ਛਕਣ ਛਕਾਉਣ ਵੇਲੇ ਸਭ ਪੁਰਸ਼-ਇਸਤ੍ਰੀਆਂ, ਬੁੱਢੇ ਬੁੱਢੀਆਂ, ਜੁਆਨ ਮੁਟਿਆਰਾਂ, ਬੱਚੇ ਬੱਚੀਆਂ ਇਕੋ ਬਾਟੇ ਵਿਚੋਂ ਛਕਦੇ ਹਨ। ਕੋਈ ਭਿੰਨ-ਭੇਦ ਨਹੀਂ। ਪੁਰਸ਼ਾਂ ਵਾਂਗੂ ਪੰਜ ਕਕਾਰ ਧਾਰਨ ਕਰਦੀਆਂ ਹਨ। ਕਨਿੰਘਮ, ਮਹਾਨ ਇਤਿਹਾਸਕਾਰ ਨੇ ਲਿਖਿਆ ਹੈ ਕਿ ਸਿੱਖ ਇਸਤ੍ਰੀਆਂ, ਬਾਕੀ ਹਿੰਦੂ ਇਸਤ੍ਰੀਆਂ ਨਾਲੋਂ ਬਿਲਕੁਲ ਅਲੱਗ ਪਛਾਣੀਆਂ ਜਾਂਦੀਆਂ ਹਨ। ਉਹਨਾਂ ਦੇ ਸਿਰ ਤੇ ਜੂੜਾ ਹੁੰਦਾ ਹੈ। ਜੂੜੇ ਲਈ ਛੋਟੀ ਦਸਤਾਰ ਦੀ ਵੀ ਲੋੜ ਹੈ। ਅੱਜ ਕੱਲ੍ਹ ਵੀ ਸਿੰਘਣੀਆਂ ਨਿੱਕੀ ਜਿਹੀ ਦਸਤਾਰ ਸਜਾ ਕੇ ਉਪਰ ਚੁੰਨੀਆਂ ਲੈਂਦੀਆਂ ਹਨ। ਇਹਨਾਂ ਨੂੰ ਦੇਖਦਿਆਂ ਹੀ ਮਨ ਅੰਦਰ ਸਤਿਕਾਰ ਉਪਜਦਾ ਹੈ। ਬੁਰੀ ਨਜ਼ਰ ਵਾਲਾ ਭੈ-ਭੀਤ ਹੋ ਜਾਂਦਾ ਹੈ। ਪਰ ਬੇੜਾ ਗ਼ਰਕ ਫ਼ੈਸ਼ਨਾਂ ਦਾ, ਹੁਣ ਤਾਂ ਸਿਰ-ਮੁੰਨੀਆਂ ਵੀ ਹਨ, ਦੁਗੁੱਤੀਆਂ ਵੀ ਹਨ ਤੇ ਸਿਰ ਤੇ ਝਾਟਾ-ਰੰਗੀਆਂ ਵੀ, ਜਿਨ੍ਹਾਂ ਲਈ ਚੁੰਨੀ ਲੈਣਾ ਹਰਾਮ ਹੈ। ਸਾਡੇ ਸਮਾਜ ਵਿਚ, ਸਿਰੋਂ ਨੰਗੀ, ਵਿਧਵਾ ਨੂੰ ਆਖਿਆ ਜਾਂਦਾ ਸੀ।

ਇਤਿਹਾਸ ਸਪੱਸ਼ਟ ਹੈ ਕਿ ਸਿੰਘਣੀਆਂ ਸਿੰਘਾਂ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਜ਼ਾਲਮਾਂ ਨਾਲ ਯੁੱਧ-ਛੇਤਰ ਵਿਚ ਵੀ ਜੰਗ ਕਰਦੀਆਂ ਰਹੀਆਂ। ਧਰਮ ਤੇ ਦੇਸ਼ ਕੌਮ ਦੀ ਖ਼ਾਤਰ ਇਹਨਾਂ ਦੀਆਂ ਸ਼ਹੀਦੀਆਂ, ਕੁਰਬਾਨੀਆਂ, ਕਾਰਨਾਮੇ, ਕਮਾਈਆਂ, ਕਰਨੀਆਂ, ਪਰਉਪਕਾਰ ਸਿੰਘਾਂ ਨਾਲੋਂ ਕਿਸੇ ਪਾਸਿਉਂ ਵੀ ਘੱਟ ਨਹੀਂ; ਸਗੋਂ ਕਈ ਪੱਖਾਂ ਤੋਂ ਵੱਧ ਹਨ । ਇਤਿਹਾਸ ਗਵਾਹ ਹੈ ਕਿ ਸਿੰਘਣੀਆਂ ਸੂਹਿਆਂ ਦੇ ਬਿਖੜੇ ਨਿਭਾ ਲਈ ਬਹੁਤ ਕਾਰਗਰ ਤੇ ਸਫਲ ਰਹੀਆਂ। ਮੀਰ ਮੰਨੂੰ ਦੇ ਸਮੇਂ ਸਿੰਘਣੀਆਂ ਨੂੰ ਪਿੰਡਾਂ ਵਿਚੋਂ ਲਭ ਲਭ ਕੇ ਕੈਦ ਕਰ ਕੇ ਲਾਹੌਰ ਦੀਆਂ ਜੇਲ੍ਹਾਂ ਵਿਚ ਤਸੀਹੇ ਦਿੱਤੇ ਜਾਂਦੇ ਸਨ। ਸਵਾ ਸਵਾ ਮਣ ਦੇ ਪੀਹਣ ਪੀਹਣੇ ਪੈਂਦੇ ਸਨ। ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕਰਦੀਆਂ ਇਹਨਾਂ ਦੇ ਨਾਲ ਦੁੱਧ ਚੁੰਘਦੇ ਬੱਚੇ ਬੱਚੀਆਂ ਵੀ ਹੁੰਦੇ ਸਨ। ਇਹਨਾਂ ਨੂੰ ਇਸਲਾਮ ਕ਼ਬੂਲਣ ਲਈ ਸ਼ਾਹੀ ਮਹੱਲਾਂ ਤੇ ਅਮੀਰੀ ਜੀਵਨ ਦੀਆਂ ਝਾਕੀਆਂ ਦਿਖਾਈਆਂ ਜਾਂਦੀਆਂ। ਪਰ ਉਹ ਸਿਦਕ ਪਾਲਦੀਆਂ ਹੋਈਆਂ, ਅੰਮ੍ਰਿਤ ਦੀ ਲਾਜ ਰੱਖਦੀਆਂ ਹੋਈਆਂ ਮੌਤ ਨੂੰ ਤਰਜੀਹ ਦਿੰਦੀਆਂ ਸਨ। ਜ਼ਾਲਮਾਂ ਨੇ ਬੱਚੇ ਟੋਟੇ ਟੋਟੇ ਕਰ ਕੇ, ਉਹਨਾਂ ਦੀਆਂ ਝੋਲੀਆਂ ਵਿਚ ਪਾਏ, ਪਰ ਇਹਨਾਂ ਸਿੰਘਣੀਆਂ ਨੇ ਧਰਮ ਨਹੀਂ ਹਾਰਿਆ। ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ, ਭਾਣਾ ਮਿੱਠਾ ਕਰ ਕੇ ਮੰਨਿਆ। ਅਸੀਂ ਹਰ ਰੋਜ਼ ਅਰਦਾਸ ਵਿਚ ਆਖਦੇ ਹਾਂ, "ਉਹਨਾਂ ਦੀਆਂ ਕਮਾਈਆਂ ਦਾ ਧਿਆਨ ਧਰ ਕੇ ਬੋਲੋ ਜੀ "ਵਾਹਿਗੁਰੂ"।

# ਅਖੰਡ ਕੀਰਤਨੀ ਜਥੇ ਦਾ ਕਰਤੱਵ—ਸਪਸ਼ਟੀਕਰਨ

ਅਖੰਡ ਕੀਰਤਨੀ ਜਥੇ ਦਾ ਨਿਸ਼ਾਨਾ ਧਰਮ ਕਮਾਉਣਾ ਤੇ ਅਖੰਡ ਕੀਰਤਨ, ਅੰਮ੍ਰਿਤ ਸਿੰਚਾਰ ਅਤੇ ਗੁਰਬਾਣੀ ਦੇ ਪਠਨ ਪਾਠਨ ਰਾਹੀਂ ਧਰਮ ਦਾ ਪਰਚਾਰ ਕਰਨਾ ਅਤੇ ਧਰਮ ਦੀ ਕਿਰਤ ਵਿਰਤ ਕਰ ਕੇ ਵੰਡ ਛਕਣਾ ਹੈ।

ਪਤਾ ਲਗਾ ਹੈ ਕਿ ਲੁਟਾਂ ਖੋਹਾਂ ਕਰਨ ਅਤੇ ਨਿਰਦੋਸ਼ ਲੋਕਾਂ ਨੂੰ ਕਤਲ ਕਰਨ ਵਾਲਾ ਕੁਝ ਗਲਤ ਅਨਸਰ ਆਪਣੇ ਆਪ ਨੂੰ ਅਖੰਡ ਕੀਰਤਨੀ ਜਥੇ ਨਾਲ ਸੰਬੰਧਤ ਦਸ ਕੇ, ਇਸ ਧਾਰਮਕ ਜਥੇਬੰਦੀ ਨੂੰ ਬਦਨਾਮ ਕਰਨ ਦੀ ਕੋਝੀ ਹਰਕਤ ਕਰ ਰਿਹਾ ਹੈ। ਅਜਿਹੇ ਮਨੁਖਤਾ ਦੇ ਵੈਰੀ ਅਨਸਰ ਨਾਲ ਅਖੰਡ ਕੀਰਤਨੀ ਜਥੇ ਦਾ ਕੋਈ ਵਾਸਤਾ ਨਹੀਂ ਹੈ।

ਖ਼ਾਲਸਾ ਜੀ ਦਾ ਸੇਵਾਦਾਰ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ


www.AKJ.org

# ਗੁਰ-ਇਤਿਹਾਸ ਤੇ ਸਿਖ ਇਤਿਹਾਸ ਦੀਆਂ ਮਹੱਤਵ-ਪੂਰਨ ਤਰੀਕਾਂ

ਨੋਟ:-ਗੁਰੂ ਸਾਹਿਬਾਨ ਸੰਬੰਧੀ ਤਰੀਕਾਂ ਅਤੇ ਗੁਰਪੁਰਬ ਪੰਨਾ ੪੬ ਉਪਰ ਵੇਖੋ ਜੀ

— ਖਾਲਸਾ ਸਾਜਿਆ : ਵੈਸਾਖੀ ੧੭੫੬ (੧੬੯੯ ਈ:)
— ਬਾਬਾ ਬੁੱਢਾ ਜੀ(੭ ਕਤਕ ੧੫੬੩ਤੋਂ ੧੪ ਮਘਰ ੧੬੮੮ ਬਿ:
— ਭਾ: ਗੁਰਦਾਸ ਜੀ ਅਕਾਲ ਚਲਾਣਾ ਭਾਦਰੋਂ ਸੁ: ੮,੧੬੯੪ ਬਿ:
— ਬਾਬਾ ਸ੍ਰੀਚੰਦਜੀ(ਭਾਦਰੋਂ ਸੁ:੯,੧੫੫੧–੧੫ ਅਸੂ੧੬੬੯ਬਿ:)
— ਬਾਬਾ ਅਜੀਤਸਿੰਘ ਜੀ(੨੩ ਮਾਘ ੧੭੪੩-੮ ਪੋਹ੧੭੬੧ਬਿ:)
— ਬਾਬਾ ਜੁਝਾਰ ਸਿੰਘ ਜੀ (੧੭੪੭ ਬਿ: –੮ ਪੋਹ ੧੭੬੧)
— ਬਾ:ਜ਼ੋਰਾਵਰ ਸਿੰਘ ਜੀ(ਮਘਰਸੁ:੩, ੧੭੫੩–੧੩ ਪੋਹ੧੭੬੧)
— ਬਾ:ਫਤਹ ਸਿੰਘ ਜੀ(ਫਗਣ ਸੁਦੀ੭,੧੭੫੫–੧੩ ਪੋਹ ੧੭੬੧)
— ਭਾਈ ਦਇਆ ਸਿੰਘ ਜੀ(ਭਾਦਰੋਂ ਸੁ: ੧੧.੧੭੧੮-੧੭੬੭ਬਿ:
— ਭਾਈ ਧਰਮ ਸਿੰਘ ਜੀ (੭ ਕਤਕ, ੧੭੨੪-੮ ਪੋਹ ੧੭੬੧)
— ਭਾਈ ਹਿੰਮਤ ਸਿੰਘ ਜੀ (੫ ਮਾਘ, ੧੭੧੮— ,, ,, )
— ਭਾ: ਮੋਹਕਮ ਸਿੰਘ ਜੀ (੨੨ ਜੇਠ. ੧੭੩੩— ,, ,, )
— ਭਾਈ ਸਾਹਿਬ ਸਿੰਘ ਜੀ (੪ ਹਾੜ, ੧੭੨੨— ,, ,, )
— ਚਾਲੀ ਮੁਕਤੇ ਮੁਕਤਸਰ ਵਿਖੇ ਸ਼ਹੀਦ ੧੭੬੨ ਬਿ:

ਬੰਦਾ ਸਿੰਘ ਬਹਾਦਰ––ਜਨਮ ਕਤਕ ਸੁਦੀ ੧੩.੧੭੨੭(੧੬੭੦ ਈ:), ਦਸਮੇਸ਼ ਜੀ ਨਾਲ ਮੇਲ ਸਤੰਬਰ ੧੭੦੮ ਈ:, ਸਮਾਣੇ ਦੀ ਫ਼ਤਹ ੧੧ ਨਵੰਬਰ ੧੭੦੯ ਈ:,ਸਢੋਰੇ ਦੀ ਫ਼ਤਹ ੧੭੧੦ ਈ:, ਸਰਹੰਦ ਦੀ ਫ਼ਤਹ ੧੪ ਮਈ ੧੭੧੦ (੧ ਜੇਠ ੧੭੬੭ ਬਿ:) ਬੰਦਾ ਸਿੰਘ ਦੇ ੬੯੪ ਸਾਥੀ (੧੦੦ ਸਿੰਘ ਰੋਜ) ਕਤਲ ੫ ਤੋਂ ੧੧ ਮਾਰਚ ੧੭੧੬ ਈ:

ਬੰਦਾ ਸਿੰਘ ਬਹਾਦਰ ਤੇ ਭਾਈ ਬਾਜ ਸਿੰਘ ਦੀਆਂ ਸ਼ਹੀਦੀਆਂ ੯ ਜੂਨ ੧੭੧੬

— ਭਾ:ਤਾਰਾਸਿੰਘ ਜੀ ਡਲਵਾਂ ਸ਼ਹੀਦੀ ਵੈਸਾਖ੧੭੮੩(੧੭੨੫ਈ:)
— ਭਾ:ਮਨੀ ਸਿੰਘ ਜੀ ਸ਼ਹੀਦੀ ਮਘਰ ਸੁਦੀ ੫,੧੭੯੪(੧੭੧੩ਈ)
— ਭਾਈ ਬੋਤਾ ਸਿੰਘ ਜੀ ਸ਼ਹੀਦੀ ੧੭੯੬ ਬਿ:
— ਭਾ: ਹਕੀਕਤਰਾਇ ਸ਼ਹੀਦੀ ਮਾਘ ਸੁਦੀ ੫,੧੭੯੮(੧੭੪੧ਈ:)
— ਭਾ: ਤਾਰੂ ਸਿੰਘ ਜੀ ਸ਼ਹੀਦੀ ੨੩ ਅੱਸੂ ੧੮੦੨ (੧੭੪੫ ਈ:)
— ਭਾ: ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ ਦੀ ਸ਼ਹੀਦੀ ੧੮੦੨ ਬਿ:
— ਖ਼ਾਲਸਾ ਦਲ ਦੀ ਕਾਇਮੀ, ਸੌ ਸੌ ਸਿੰਘਾਂ ਦੇ ੨੫ ਜੱਥੇ, ਅੰਮ੍ਰਿਤਸਰ ਦੀਵਾਲੀ ੧੮੦੨ ਬਿ:
— ਛੋਟਾ ਘਲੂਘਾਰਾ ਕਾਹਨੂੰਵਾਨ ੨ ਜੇਠ ੧੮੦੩(੧ਮਈ ੧੭੪੬)
— ੧੧ ਮਿਸਲਾਂ ਦੀ ਬੁਨਿਆਦ ਵੈਸਾਖੀ ੧੮੦੫
— ਵੱਡਾ ਘਲੂਘਾਰਾ ਕੁੱਪ-ਰਹੀੜਾ ੨੭ ਮਾਘ ੧੮੧੮ (੫ ਫ਼ਰਵਰੀ ੧੭੬੨)
— ਸਿੰਘਾਂ ਹੱਥੋਂ ਅਬਦਾਲੀ ਨੂੰ ਹਾਰ ੧੭ ਅਕਤੂਬਰ ੧੭੬੨ ਈ:
— ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ, ਦੀਵਾਲੀ ੩੦ ਕਤਕ ੧੮੧੪ (੧੭੫੭ ਈ:)
— ਅੰਮ੍ਰਿਤ-ਸਰੋਵਰ ਦੀ ਬੇਅਦਬੀ ਤੇ ਅਬਦਾਲੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਢਾਹੁਣਾ. ੧੮੧੮ ਬਿ:

— ਭੰਗੀ ਸਰਦਾਰਾਂ ਦਾ ਲਾਹੌਰ ਤੇ ਕਬਜ਼ਾ ਫ਼ਰਵਰੀ ੧੭੬੪ ਈ:
— ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦੀ ੧੮੨੨ ਬਿ:
— ਦਿੱਲੀ ਉਤੇ ਕਬਜ਼ਾ ਤੇ ਗੁਰਦੁਆਰਿਆਂ ਦੀ ਸੇਵਾ ੧੭੮੩ ਈ:
— ਬਾਬਾ ਆਲਾ ਸਿੰਘ ਜੀ ਜਨਮ ੧੭੪੮ ਬਿ:, ਚਲਾਣਾ ੨੭ ਸਾਵਣ ੧੮੨੨ (੧੭੬੫ ਈ:)
— ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਤੇ ਅੰਮ੍ਰਿਤ-ਸਰੋਵਰ ਦੀ ਸੇਵਾ ੧੮੩੨-੩੫ ਬਿ:
— ਨਵਾਬ ਕਪੂਰ ਸਿੰਘ ਦਾ ਚਲਾਣਾ ੧੮੧੧ ਬਿ:
— ਸ: ਜੱਸਾ ਸਿੰਘ ਆਹਲੂਵਾਲੀਆ ਜਨਮ ੧੭੧੮ ਈ:, ਚਲਾਣਾ ੧੭੮੩ ਈ: (੧੮੪੦ ਬਿ:)
— ਸ: ਬਘੇਲ ਸਿੰਘ ਚਲਾਣਾ ੧੮੫੯ ਬਿ:
— ਸ: ਜੱਸਾ ਸਿੰਘ ਰਾਮਗੜ੍ਹੀਆ ਜਨਮ ੧੭੨੩ ਈ:, ਚਲਾਣਾ ੧੮੦੩ ਈ: (੧੮੬੦ ਬਿ:)
— ਸ਼ਾਹ ਜ਼ਮਾਨ ਨਾਲ ਰਣਜੀਤ ਸਿੰਘ ਤੇ ਹੋਰ ਮਿਸਲਾਂ ਦੀ ਭਾਰੀ ਲੜਾਈ ਪੋਹ ੧੮੫੩ ਬਿ:

ਮਹਾਰਾਜਾ ਰਣਜੀਤ ਸਿੰਘ : ਜਨਮ ੧੩ ਨਵੰਬਰ ੧੭੮੦ (੧੮੩੭ ਬਿ:), ਲਾਹੌਰ ਤੇ ਕਬਜ਼ਾ ੧੭੯੯ ਈ:, ਮਹਾਰਾਜੇ ਦੀ ਪਦਵੀ ਤੇ ਸਿੱਕਾ ਜਾਰੀ ਕਰਨਾ ਵੈਸਾਖੀ ੧੮੫੮ ਬਿ: ਕਸੂਰ ਤੇ ਕਬਜ਼ਾ ੧੮੬੪ ਬਿ:, ਅੰਗਰੇਜ਼ਾਂ ਨਾਲ ਮਿਤਰਾਨਾ-ਸੰਧੀ ੨੫ ਅਪਰੈਲ ੧੮੦੯, ਮੁਲਤਾਨ ਦੀ ਫ਼ਤਹ ਜੇਠ ਸੁਦੀ ੧੧, ੧੮੭੫ (੧੮੧੮ ਈ:), ਪਿਸ਼ਾਵਰ ਦੀ ਫ਼ਤਹ ੧੭ ਮਾਰਚ ੧੮੨੭ ਈ:, ਚਲਾਣਾ ੨੮ ਜੂਨ ੧੮੩੯ ਈ:

— ਅਕਾਲੀ ਫੂਲਾ ਸਿੰਘ ਜਨਮ ੧੮੧੮ ਬਿ:, ਸ਼ਹੀਦੀ ੧੪ ਮਾਰਚ ੧੮੨੪ (੧੮੮੦ ਬਿ:)
— ਸ: ਹਰੀ ਸਿੰਘ ਨਲੂਆ : ਜਨਮ ੧੮੪੮ ਬਿ:, ਸ਼ਹੀਦੀ ੧ ਮਈ ੧੮੩੭ (੧੯ ਵੈਸਾਖ ੧੮੯੪ ਬਿ:)
— ਮਹਾਰਾਜਾ ਖੜਗ ਸਿੰਘ : ਜਨਮ ੧੨ ਫਗਣ ੧੮੫੭ ਬਿ:, ਤਖ਼ਤ ੧੮੯੬ ਬਿ:, ਚਲਾਣਾ ੫ ਨਵੰਬਰ ੧੮੪੦ ਈ: (੧੮੯੭ ਬਿ:)
— ਕੰਵਰ ਨੌਨਿਹਾਲ ਸਿੰਘ : ਜਨਮ ੧੧ ਫ਼ਰਵਰੀ ੧੮੨੦ ਈ:, ਕਤਲ ੫ ਨਵੰਬਰ ੧੮੪੦
— ਮਹਾਰਾਜਾ ਸ਼ੇਰ ਸਿੰਘ : ਜਨਮ ੧੮੦੭ ਈ:, ਤਖ਼ਤ ੧੮ ਜਨੰਵਰੀ ੧੮੪੧, ਕਤਲ ੧੫ ਅਗਸਤ ੧੮੪੩ ਈ:
— ਲਾਹੌਰ ਦਰਬਾਰ ਦਾ ਪਹਿਲਾ ਕਤਲ ਸ: ਚੇਤ ਸਿੰਘ ੯ ਅਕਤੂਬਰ ੧੮੩੯ ਈ:
— ਮਹਾਰਾਣੀ ਚੰਦ ਕੌਰ ਕਤਲ ੧੧-੬-੧੮੪੨
— ਰਾਜਾ ਧਿਆਨ ਸਿੰਘ ਕਤਲ ੧੫-੮-੧੮੪੩

ਮਹਾਰਾਜਾ ਦਲੀਪ ਸਿੰਘ : ਜਨਮ ਫ਼ਰਵਰੀ ੧੮੩੭ ਈ:, ਤਖ਼ਤ ੧੮ ਅਗਸਤ ੧੮੪੩, ਨਾਬਾਲਗ਼ ਮਹਾਰਾਜੇ ਦੀ ਅੰਹ ਰੇਜ਼ਾਂ


www.AKJ.Org

ਨਾਲ ਸੰਧੀ ਭਰੋਵਾਲ ੧੬ ਦਸੰਬਰ ੧੮੪੬, ਜਲਾਵਤਨ ੧੯ ਅਪ੍ਰੈਲ ੧੮੫੪, ਮ੍ਰਿਤੂ ਪੈਰਿਸ ਵਿਖੇ ੨੩ ਅਕਤੂਬਰ ੧੮੯੩
— ਮਹਾਰਾਣੀ ਜਿੰਦਾਂ ਕੈਦ ੧੮ ਅਗਸਤ ੧੮੪੭,ਚਲਾਣਾ ਲੰਡਨ ਵਿਖੇ ੧ ਅਗਸਤ ੧੮੬੩ ਈ:
— ਰਾਜਾ ਸੁਚੇਤ ਸਿੰਘ ਡੋਗਰਾ ਮਾਰਿਆ ਗਿਆ ੨੬ ਮਾਰਚ ੧੮੪੪
— ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਕਤਲ ੬ ਮਈ ੧੮੪੪
— ਹੀਰਾ ਸਿੰਘ ਡੋਗਰਾ ਕਤਲ ੨੧-੧੨-੧੮੪੪
— ਜਵਾਹਰ ਸਿੰਘ (ਮਹਾਰਾਣੀ ਜਿੰਦਾਂ ਦਾ ਭਰਾ) ਕਤਲ ੨੧ ਸਤੰਬਰ ੧੮੪੫
ਸਿੱਖਾਂ ਅੰਗਰੇਜ਼ਾਂ ਦੀਆਂ ਲੜਾਈਆਂ : ਮੁਦਕੀ ੧੮ ਦਸੰਬਰ੧੮੩੫, ਫੇਰੂ ੨੧ ਦਸੰਬਰ ੧੮੪੫, ਬਦੋਵਾਲ ੨੧ ਜਨਵਰੀ ੧੮੪੬, ਅਲੀਵਾਲ ੨੮ ਜਨਵਰੀ ੧੮੪੬ ਸਭਰਾਵਾਂ ੧੦ ਫ਼ਰਵਰੀ ੧੮੪੬, ਚੇਲਿਆਂ ਵਾਲੀ ੧੩ ਜਨਵਰੀ ੧੮੪੯, ਗੁਜਰਾਤ ੨੧-੧-੧੮੪੯
— ਸ: ਸ਼ਾਮ ਸਿੰਘ ਅਟਾਰੀ ਸ਼ਹੀਦੀ ੧੦-੨-੧੮੪੬
— ਸਿਖ ਫ਼ੌਜਾਂ ਨੂੰ ਸ਼ਸਤਰ-ਹੀਨ ਕੀਤਾ ਗਿਆ ੧੪ ਮਾਰਚ ੧੮੪੯
— ਲਾਹੌਰ ਕਿਲ੍ਹੇ ਤੇ ਅੰਗਰੇਜ਼ੀ ਝੰਡਾ ੨੯ ਮਾਰਚ ੧੮੪੯
— ਅੰਗਰੇਜ਼ਾਂ ਵਿਰੁੱਧ ਭਾਰੀ ਗ਼ਦਰ ੧੮੫੭ ਈ:
— ਬਾਬਾ ਬਾਲਕ ਸਿੰਘ ਜੀ (੧੭੯੯-੧੮੬੨ ਈ:)
— ਬਾਬਾ ਰਾਮ ਸਿੰਘ ਜੀ (੧੮੧੬-੧੮੮੫ ਈ:)
— ਨਾਮਧਾਰੀ ਤੋਪਾਂ ਨਾਲ ਉਡਾਏ ਗਏ ੧੮ ਜਨਵਰੀ ੧੮੭੨
— ਬਾਬਾ ਦਿਆਲ ਜੀ ਨਿਰੰਕਾਰੀ (੧੭੮੩—੧੮੫੫ ਈ.)
— ਬਾਬਾ ਦਰਬਾਰਾ ਸਿੰਘ ਜੀ (੧੮੧੪-੧੮੭੦ ਈ:)
— ਬਾਬਾ ਰਤਾ ਜੀ (੧੮੩੦—੧੯੦੯ ਈ:)
— ਸਿੰਘ ਸਭਾ ਅੰਮ੍ਰਿਤਸਰ ਕਾਇਮ ੧੮੭੩ ਈ:
— ਸਿੰਘ ਸਭਾ ਲਾਹੌਰ ਕਾਇਮ ੨ ਨਵੰਬਰ ੧੮੭੯
— ਖਾਲਸਾ ਦੀਵਾਨ ਲਾਹੌਰ ਕਾਇਮ ੧੮੮੬ ਈ:
— ਖ਼ਾਲਸਾ' ਅਖ਼ਬਾਰ ਚਾਲੂ ੧੩ ਜੂਨ ੧੮੮੬
— ਖ਼ਾਲਸਾ ਕਾਲਜ ਅੰਮ੍ਰਿਤਸਰ ਨੀਂਹ ੫-੩-੧੮੯੨
— ਖ਼ਾਲਸਾ ਟਰੈਕਟ ਸੁਸਾਇਟੀ ਕਾਇਮ ੧੮੯੪ ਈ:
—'ਖਾਲਸਾ ਸਮਾਚਾਰ' ਜਾਰੀ ੭ ਨਵੰਬਰ ੧੮੯੯
— ਚੀਫ਼ ਖ਼ਾਲਸਾ ਦੀਵਾਨ ਕਾਇਮ ੩੦-੧੦-੧੯੦੨
— ਐਜੂਕੇਸ਼ਨਲ ਕਮੇਟੀ ਕਾਇਮ ੧੯੦੮ ਈ:
— ਗਿਆਨੀ ਦਿੱਤ ਸਿੰਘ ਜੀ (੧੮੪੨-੧੯੦੧ ਈ:)
— ਭਾਈ ਕਾਨ੍ਹ ਸਿੰਘ ਜੀ ਨਾਭਾ (੧੮੬੧-੧੯੩੮ ਈ:)
— ਸੰਤ ਅਤਰ ਸਿੰਘ ਜੀ (੧੯੨੩-੧੯੮੩ ਬਿ:)
— ਬਾਬਾ ਗੁਰਦਿਤ ਸਿੰਘ ਜੀ (੧੮੫੯-੧੯੫੪ ਈ:)
— ਬਾਬਾ ਖੜਗ ਸਿੰਘ ਜੀ (੧੮੬੭-੧੯੬੩ ਈ:)
— ਬਾਬਾ ਸੋਹਣ ਸਿੰਘ ਭਕਨਾ (੧੮੭੦-੧੯੬੮ ਈ:)
— ਭਾਈ ਵੀਰ ਸਿੰਘ ਜੀ (੧੮੭੨-੧੯੫੭ ਈ:)
— ਭਾਈ ਰਣਧੀਰ ਸਿੰਘ ਜੀ (੭ ਜੁਲਾਈ ੧੮੭੮—੧੬ ਅਪ੍ਰੈਲ ੧੯੬੧)
— ਸ: ਬ: ਧਰਮ ਸਿੰਘ ਜੀ (੧੮੮੧-੧੯੩੩ ਈ:)
— ਮਾਸਟਰ ਤਾਰਾ ਸਿੰਘ ਜੀ (੧੮੮੫-੧੯੬੭ ਈ:)

— ਗੁਰਦਵਾਰਾ ਰਕਾਬ ਗੰਜ ਦੀ ਕੰਧ ਡੇਗੀ ਗਈ ੧੯੧੪ ਈ:
— ਬਜਬਜ ਘਾਟ ਦਾ ਸਾਕਾ ੨੯ ਸਤੰਬਰ ੧੯੧੪
— ਅਮਰੀਕਾ ਤੋਂ 'ਗਦਰ' ਜਾਰੀ ੧-੧੧-੧੯੧੩
— ਲਾਹੌਰ ਸਾਜ਼ਸ਼ ਕੇਸ ੧੩ ਸਤੰਬਰ ੧੯੧੫
— ਕਰਤਾਰ ਸਿੰਘ ਸਰਾਭਾ ਫਾਂਸੀ ੧੪-੧੧-੧੯੧੫
— ਜਲ੍ਹਿਆਂ ਵਾਲਾ ਬਾਗ ਦਾ ਖ਼ੂਨੀ ਸਾਕਾ ੧੩ ਅਪ੍ਰੈਲ ੧੯੧੯
— ਸਖ਼ਤ ਕੁਰਬਾਨੀਆਂ ਪਿਛੋਂ ਕਿਰਪਾਨ ਦੀ ਅਜ਼ਾਦੀ ੧੯ ਮਈ ੧੯੧੯
— 'ਅਕਾਲੀ' ਅਖ਼ਬਾਰ ਜਾਰੀ ੨੧ ਮਈ ੧੯੨੦
— ਬਾਬੇ ਦੀ ਬੇਰ ਸਿਆਲਕੋਟ ਕਬਜ਼ਾ ੫ ਅਕਤੂਬਰ ੧੯੨੦
— ਅਕਾਲ ਤਖ਼ਤ ਸਾਹਿਬ ਕਬਜ਼ਾ ੧੨-੧੦-੧੯੨੦
— ਪਹਿਲੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਕਾਇਮ ੧੬ ਨਵੰਬਰ ੧੯੨੦
— ਗੁਰਦਵਾਰਾ ਪੰਜਾ ਸਾਹਿਬ ਤੇ ਕਬਜ਼ਾ ੧੮-੧੧-੧੯੨੦
— ਸ਼ਰੋਮਣੀ ਅਕਾਲੀ ਦਲ ਕਾਇਮ ੧੪-੧੨-੧੯੨੦
— ਤਰਨ ਤਾਰਨ ਸ਼ਹੀਦੀਆਂ ਅਤੇ ਕਬਜ਼ਾ ੨੬ ਜਨਵਰੀ ੧੯੨੧
— ਨਨਕਾਣਾ ਸਾਹਿਬ ਸ਼ਹੀਦੀ ਸਾਕਾ ੨੧ ਫ਼ਰਵਰੀ ੧੯੨੧
— ਦਰਬਾਰ ਸਾਹਿਬ ਅੰਮ੍ਰਿਤਸਰ ਮੋਰਚਾ ਚਾਬੀਆਂ ਫ਼ਤਹ ੧੨ ਜਨਵਰੀ ੧੯੨੨
— ਗੁਰੂ ਕਾ ਬਾਗ ਮੋਰਚਾ ੮ ਅਗਸਤ ਤੋਂ ੧੭ ਨਵੰਬਰ ੧੯੨੨
— ਅੰਮ੍ਰਿਤ-ਸਰੋਵਰ ਕਾਰ-ਸੇਵਾ ੧੭ ਜੂਨ ੧੯੨੩
— ਮਹਾਰਾਜਾ ਨਾਭਾ ਗੱਦੀਓਂ ਉਤਾਰੇ ੯-੭-੨੩
— ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਕਾਨੂੰਨ ਵਿਰੁੱਧ ੨੩ ਅਕਤੂਬਰ ੧੯੨੩
— ਭਾਈ ਰਣਧੀਰਸਿੰਘ ਜੀ, ਬਾਬਾ ਖੜਗ ਸਿੰਘ ਜੀ ਤੇ ਹੋਰ ਸਿੰਘਾਂ ਤੇ ਜੇਲ੍ਹਾਂ ਵਿਚ ਸਖ਼ਤੀਆਂ ਕਾਰਨ ਪੰਥ ਵਲੋਂ ਅਰਦਾਸ-ਦਿਵਸ ੧-੨-੧੯੨੩
— ਮੁਕਤਸਰ ਕਬਜ਼ਾ ੧੭ ਫਰਵਰੀ ੧੯੨੩
— ਆਨੰਦਪੁਰ ਸਾਹਿਬ ਅਤੇ ਕੀਰਤਪੁਰ ਕਬਜ਼ੇ ੧੫ ਮਾਰਚ ੧੯੨੩
— ਭਾਈ ਫੇਰੂ ਮੋਰਚਾ ੫ ਜਨਵਰੀ ਤੋਂ ੨੦ ਸਤੰਬਰ ੧੯੨੪
— ਜੈਤੋ ਗੁਰਦੁਆਰਾ ਸ੍ਰੀ ਗੰਗਸਰ ਵਿਖੇ ਅਖੰਡ ਪਾਠ ਖੰਡਤ ੧੪ ਸਤੰਬਰ ੧੯੨੩
— ਜੈਤੋ ਵਿਖੇ ਪੰਜ ਸੌ ਸਿੰਘਾਂ ਤੇ ਗੋਲੀ ੨੧ ਜੁਲਾਈ ੧੯੨੪
— ਜੈਤੋ ਦਾ ਮੋਰਚਾ ੯ ਫ਼ਰਵਰੀ ੧੯੨੪ ਤੋਂ ੨੧ ਜੁਲਾਈ ੧੯੨੫
— ਗੁਰਦੁਆਰਾ ਐਕਟ ਚਾਲੂ ੧ ਸਤੰਬਰ ੧੯੨੫
— ਸ: ਤੇਜਾ ਸਿੰਘ ਜੀ ਸਮੁੰਦਰੀ : ਸ਼ਹੀਦੀ ੧੭ ਜੁਲਾਈ ੧੯੨੬
— ਬੱਬਰ ਅਕਾਲੀ ਲਹਿਰ : ਬਬੇਲੀ ਦਾ ਸ਼ਹੀਦੀ ਸਾਕਾ ੧ ਸਤੰਬਰ ੧੯੨੩, ਸ: ਧੰਨਾ ਸਿੰਘ ਦੀ ਅਦੁੱਤੀ ਸ਼ਹੀਦੀ ੨੫ ਅਕਤੂਬਰ ੧੯੨੧, ਮੁੰਡੇਰ ਦਾ ਸ਼ਹੀਦੀ ਸਾਕਾ ੧੨ ਦਸੰਬਰ ੧੯੨੩, ਸ: ਵਰਿਆਮ ਸਿੰਘ ਦੀ ਅਦੁੱਤੀ ਸ਼ਹੀਦੀ ੮ ਜੂਨ ੧੯੨੪, ਆਖ਼ਰੀ ਬੱਬਰ ਕੇਸ ਦਾ ਫ਼ੈਸਲਾ ੨੦ ਜਨਵਰੀ ੧੯੨੬, ਬੱਬਰ ਫਾਂਸੀ ੨੭ ਫ਼ਰਵਰੀ ੧੯੨੬
— ਬਾਬਾ ਖੜਗ ਸਿੰਘ ਜੀ ਕਰੜੀ ਸਖ਼ਤੀ ਪਿਛੋਂ ਰਿਹਾ ੨ ਜੂਨ ੧੯੨੭


www.AKJ.Org

— ਭਾਈ ਰਣਧੀਰ ਸਿੰਘ ਜੀ ਭਾਰੀ ਸਖ਼ਤੀਆਂ ਪਿਛੋਂ ਰਿਹਾਈ ੪ ਅਕਤੂਬਰ ੧੯੩੦
—ਸ: ਭਗਤ ਸਿੰਘ : ਸ਼ਹੀਦੀ ੨੩ ਮਾਰਚ ੧੯੩੧
—ਡਸਕੇ ਦਾ ਮੋਰਚਾ ੧੯੩੧
—ਸ਼ਹੀਦ ਗੰਜ ਐਜੀਟੇਸ਼ਨ : ਦਸੰਬਰ ੧੯੩੫ ਤੋਂ ੨੫ ਮਈ ੧੯੩੬
— ਹਰੀਪੁਰ ਹਜ਼ਾਰੇ ਵਿਚ ਹਿੰਦੂ-ਸਿੱਖਾਂ ਦੀ ਤਬਾਹੀ ਜਨਵਰੀ ੧੯੪੭
—ਰਾਵਲਪਿੰਡੀ ਜੇਹਲਮ ਕੈਂਬਲਪੁਰ ਵਿਖੇ ਹਿੰਦੂ-ਸਿਖਾਂ ਦੀ ਤਬਾਹੀ ਮਾਰਚ ੧੯੪੭
— ਪੰਜਾਬ ਦਾ ਵੰਡਾਰਾ ੧੫ ਅਗਸਤ ੧੯੪੭
—ਪੰਜਾਬੀ ਸੂਬਾ ਮੋਰਚਾ ਪਹਿਲਾ ੧੦ ਮਈ ੫੫ ਤੋਂ ੧੨ ਜੁਲਾਈ ੧੯੫੫
—ਪੰਜਾਬੀ ਸੂਬਾ ਮੋਰਚਾ ਦੂਜਾ : ੨੯ ਮਈ ੬੦ ਤੋਂ ੯ ਜਨਵਰੀ ੧੯੬੧
—ਪੰਜਾਬੀ ਸੂਬੇ ਦੀ ਸਥਾਪਨਾ ੧-੧੧-੧੯੬੬
—ਅਨੰਦਪੁਰ ਦਾ ਮਤਾ ਪਾਸ ਹੋਇਆ ੧੬-੧੭ ਅਕਤੂਬਰ ੭੩
—ਨਕਲੀ ਨਿਰੰਕਾਰੀਆਂ ਹਥੋਂ ੧੩ ਸਿੰਘ ਸ਼ਹੀਦ ੧੩-੪-੭੮
—ਧਰਮ ਯੁਧ ਮੋਰਚਾ ੪-੮-੮੨ ਤੋਂ ਅਖ਼ੀਰ ਮਈ ੧੯੮੪
— ਨੀਲਾ ਤਾਰਾ ਉਪਰੇਸ਼ਨ(ਦਰਬਾਰ ਸਾਹਿਬ ਤੇ ਫ਼ੌਜੀ ਕਾਰਵਾਈ) ੪ ਜੂਨ ੧੯੮੪
—ਦਿੱਲੀ, ਕਾਨ੍ਹਪੁਰ ਆਦਿ ਵਿਚ ਸਿਖਾਂ ਦਾ ਕਤਲੇ ਆਮ ੧ ਨਵੰਬਰ ੧੯੮੪
—ਸੰਤ ਲੌਂਗੋਵਾਲ ਤੇ ਪ੍ਰਧਾਨ ਮੰਤਰੀ ਦਰਮਿਆਨ ਸਮਝੌਤਾ ੨੨ ਜੁਲਾਈ ੧੯੮੫
—ਕਾਲੀ ਗਰਜ ਉਪਰੇਸ਼ਨ, ੮ ਤੋਂ ੧੮ ਮਈ ੧੯੮੮

---


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਭਾਈ ਸਾਹਿਬ ਰਚਿਤ ਹੇਠ ਲਿਖੀਆਂ ਪੁਸਤਕਾਂ ਤੇ ਟਰੈਕਟ ਇਸ ਐਡਰੇਸ ਤੋਂ ਮਿਲਦੀਆਂ ਹਨ

**ਭਾ: ਸਾ: ਰਣਧੀਰ ਸਿੰਘ ਟ੍ਰਸਟ, 23-ਜੀ, ਸਰਾਭਾ ਨਗਰ, ਲੁਧਿਆਣਾ**

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦-੦੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ | ਗੁਰਮਤਿ ਬਿਬੇਕ | ੭-੫੦ |
| ਵਾਹਿਗੁਰੂ ਸਿਮਰਨ | ੦-੫੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਆਸਤਕ ਤੇ ਨਾਸਤਕ | ੦-੩੫ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ,੨੭੨ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਧੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੦੦ |




www.AKJ.Org

| ਸਤਿਗੁਰੂ ਜੀ | ਪ੍ਰਕਾਸ਼ ਉਤਸ਼ਵ | ਗੁਰਿਆਈ | ਜੋਤੀ ਜੋਤਿ |
|---|---|---|---|
| ਗੁਰੂ ਨਾਨਕ ਦੇਵ ਜੀ | ਕਤਕ ਸੁਦੀ ੧੫ ੧੫੨੬ (੧੩-੧੧-੮੯) | ਧੁਰੋਂ | ਅਸੂ ਵਦੀ ੧੦, ੧੫੯੬ (੨੪-੯-੮੯) |
| ਗੁਰੂ ਅੰਗਦ ਦੇਵ ਜੀ | ਵੈਸਾਖ ਸੁ: ੧, ੧੫੬੧ (੬-੫-੮੯) | ਅਸੂ ਵਦੀ ੫, ੧੫੯੬ (੧੯-੯-੮੯) | ਚੇਤਰ ਸੁਦੀ ੪, ੧੬੦੯ (੯-੪-੮੯) |
| ਗੁਰੂ ਅਮਰਦਾਸ ਜੀ | ਵੈਸਾਖ ਸੁ: ੧੪. ੧੫੩੬ (੧੯-੫-੮੯) | ਚੇਤਰ ਸੁਦੀ ੧, ੧੬੦੯ (੬-੪-੮੯) | ਭਾਦਰੋਂ ਸੁ: ੧੫, ੧੬੩੧ (੧੫-੯-੮੯) |
| ਗੁਰੂ ਰਾਮਦਾਸ ਜੀ | ਕਤਕ ਵਦੀ ੨, ੧੫੯੧ (੧੬-੧੦-੮੯) | ਭਾਦਰੋਂ ਸੁ: ੧੩, ੧੬੩੧ (੧੩-੯-੮੯) | ਭਾਦਰੋਂ ਸੁਦੀ ੩, ੧੬੩੮ (੩-੯-੮੯) |
| ਗੁਰੂ ਅਰਜਨਦੇਵ ਜੀ | ਵੈਸਾਖ ਵਦੀ ੭, ੧੬੨੦ (੨੮-੪-੮੯) | ਭਾਦਰੋਂ ਸੁਦੀ ੨, ੧੬੩੮ (੨-੯-੮੯) | ਜੇਠ ਸੁਦੀ ੪, ੧੬੬੩ (੭-੬-੮੯) |
| ਗੁਰੂ ਹਰਿ ਗੋਬਿੰਦ ਜੀ | ਹਾੜ ਵਦੀ ੧, ੧੬੫੨ (੨੦-੬-੮੯) | ਜੇਠ ਵਦੀ ੮, ੧੬੬੩ (੨੮-੫-੮੯) | ਚੇਤਰ ਸੁਦੀ ੫, ੧੭੦੧ (੧੦-੪-੮੯) |
| ਗੁਰੂ ਹਰਿ ਰਾਇ ਜੀ | ਮਾਘ ਸੁਦੀ ੧੩, ੧੬੮੭ (੧੮-੨-੮੯) | ਚੇਤਰ ਵਦੀ ੧੩, ੧੭੦੧ (੪-੪-੮੯) | ਕਤਕ ਵਦੀ ੯, ੧੭੧੮ (੨੩-੧੦-੮੯) |
| ਗੁਰੂ ਹਰਿਕ੍ਰਿਸ਼ਨ ਜੀ | ਸਾਵਣ ਵ: ੯, ੧੭੧੩ (੨੬-੭-੮੯) | ਕਤਕ ਵਦੀ ੯, ੧੭੧੮ (੨੩-੧੦-੮੯) | ਚੇਤਰ ਸੁ: ੧੩, ੧੭੨੧ (੧੮-੪-੮੯) |
| ਗੁਰੂ ਤੇਗ ਬਹਾਦਰ ਜੀ | ਵੈਸਾਖ ਵ: ੫, ੧੬੭੮ (੨੬-੪-੮੯) | ਚੇਤਰ ਸੁਦੀ ੧੩ ੧੭੨੧ (੧੮-੪-੮੯) | ਮਾਘ ਸੁਦੀ ੫, ੧੭੩੨ (੩-੧੧-੮੯) |
| ਗੁਰੂ ਗੋਬਿੰਦ ਸਿੰਘ ਜੀ | ਪੋਹ ਸੁਦੀ ੭, ੧੭੨੩ (੧੪-੧-੮੯) | ਮਘਰ ਸੁਦੀ ੩, ੧੭੩੨ (੧-੧੨-੮੯) | ਕਤਕ ਸੁਦੀ ੫, ੧੭੬੫ (੩-੧੨-੮੯) |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਅੰਮ੍ਰਿਤਸਰ, ਭਾਦਰੋਂ ਸੁਦੀ ੧, ੧੬੬੧ ਬਿ: (੧ ਸਤੰਬਰ ੧੯੮੯). <br> " " " ਗਦੀ ਨੰਦੇੜ, ਹਜ਼ੂਰ ਸਾਹਿਬ ਵਿਖੇ ਕਤਕ ਸੁਦੀ ੨, ੧੭੬੫ ਬਿ: (੩੧ ਅਕਤੂਬਰ ੧੯੮੯) | | | |

# ਸ਼ਹੀਦੀ ਤੇ ਪੀੜਤ ਪਰਵਾਰ ਫੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਸਹਾਇਤਾ ਪੁਜੀ ਹੈ—

ਪੰਜਾਬ ਪਲਾਈ-ਵੁਡ,ਹੁਸ਼ਿਆਰਪੁਰ (ਹੜ੍ਹ-ਪੀੜਤਾਂ ਲਈ) ੧੦੦੦-੦੦

| | |
|---|---|
| ਗੁਰੂ ਰਾਮਦਾਸ ਜੀ ਦੇ ਭੰਡਾਰੇ ਚੋਂ ਇਕ ਪ੍ਰੇਮੀ ਜੀ | ੫੦੦੦-੦੦ |
| ਸ: ਮੋਹਨ ਸਿੰਘ, ਅੰਮ੍ਰਿਤਸਰ | ੧੬੫-੦੦ |
| ਸ: ਜਸਵੰਤ ਸਿੰਘ, ਸ਼ਾਮ ਨਗਰ, ਦਿਲੀ | ੩੧-੦੦ |
| ਸ: ਇੰਦਰ ਸਿੰਘ ਤੇਲ ਵਾਲੇ, ਅੰਮ੍ਰਿਤਸਰ | ੫੦੦-੦੦ |
| ਸ: ਬਲਿਹਾਰ ਸਿੰਘ, ਚੰਡੀਗੜ੍ਹ | ੧੦੦-੦੦ |
| ਗੁਪਤ ਦਾਨ | ੨੦੦-੦੦ |
| ਗੁਪਤ | ੫੦੦-੦੦ |
| ਬੀਬੀ ਅਜਬ ਕੌਰ, ਜਬਲਪੁਰ (ਪਤੀ ਦੀ ਯਾਦ ਵਿਚ) | ੫੦੧-੦੦ |
| ਸ: ਦਰਸ਼ਨ ਸਿੰਘ, ਅੰਮ੍ਰਿਤਸਰ | ੧੦੦-੦੦ |
| ਸ: ਸਰਦਾਰਾ ਸਿੰਘ, ਅੰਮ੍ਰਿਤਸਰ | ੫੦-੦੦ |
| ਗੁਪਤ ਪ੍ਰੇਮੀ ਫਰੀਦਾਬਾਦ | ੧੦੦੦-੦੦ |
| ਅਖੰਡ ਕੀਰਤਨੀ ਜਥਾ ਦਿਲੀ | ੧੦੯੬੬-੦੦ |
| ਸ: ਨਿਰੰਜਨ ਸਿੰਘ ਮੁੰਡਰਾ, ਡਰਬੀ ਯੂਕੇ | ੧੦੦੦-੦੦ |
| ਗੁਪਤ | ੫੦-੦੦ |
| ਸ: ਸਤਨਾਮ ਸਿੰਘ, ਬੰਬੇ ਵਾਲੇ; ਸਮਾਗਮ ਦਾ ਚੜ੍ਹਾਵਾ | ੧੬੦-੦੦ |
| ਸਾਰਜੰਟ ਮੁਲਤਾਨੀ, 47 Sqn A.F. | ੫੦੦-੦੦ |
| ਸ: ਸੁਖਦੇਵ ਸਿੰਘ, ਤਲਵਾੜਾ (ਸ਼ਹੀਦੀ ਫੰਡ) | ੧੦੦-੦੦ |
| ਸ: ਕੁਲਦੀਪ ਸਿੰਘ, ਵਿਸ਼ਾਖਾਪਟਨਮ | ੫੦-੦੦ |
| ਸ: ਪ੍ਰਿਤਪਾਲ ਸਿੰਘ, ਚੰਡੀਗੜ੍ਹ | ੧੦੦-੦੦ |
| ਸ: ਜਗਜੀਤ ਸਿੰਘ, ਸਾਊਥਾਲ ਯੂਕੇ | ੧੧੬੧-੦੦ |
| ਸ: ਕੁਲਵੰਤ ਸਿੰਘ ਨੋਟਿੰਘਮ ਯੂਕੇ | ੫੪੦-੦੦ |
| ਸ: ਰਘਬੀਰ ਸਿੰਘ, ਦਿਲੀ | ੨੦੦-੦੦ |
| ਸ: ਰਣਬੀਰ ਸਿੰਘ, ਦਿਲੀ | ੧੫੦-੦੦ |
| ਸ: ਪਰਮਜੀਤ ਸਿੰਘ AF/Fit | ੧੯੦-੦੦ |
| ਸ: ਮਦਨ ਸਿੰਘ, ਬਰਮਿੰਘਮ ਯੂਕੇ | ੩੬੨-੫੦ |
| ਰਿਵਰਲੈਂਡ ਸਿੰਘ ਸੁਸਾਇਟੀ ਸਾਊਥ ਅਸਟ੍ਰੇਲੀਆ | ੨੪੮੩-੦੦ |
| ਸ: ਪ੍ਰਦੁਮਨ ਸਿੰਘ, ਸੋਡਲ ਰੋਡ, ਜਲੰਧਰ ਕੈਂਟ | ੧੦੦-੦੦ |
| ਸ:ਨਿਰਮਲਸਿੰਘ ਬੀ:ਇੰਦਰਜੀਤ ਕੌਰ ਗ੍ਰੇਵਜ਼ੈਂਡ ਯੂਕੇ | ੧੧੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

ਜਿਨ੍ਹਾਂ ਪਰਵਾਰਾਂ ਦੇ ਕਮਾਊ ਮੈਂਬਰ ਮਾਰੇ ਗਏ ਜਾਂ 'ਨੀਲਾ ਤਾਰਾ' ਉਪਰੇਸ਼ਨ ਸਮੇਂ ਲਾ-ਪਤਾ ਹਨ, ਜਾਂ ਕੈਦ ਹਨ, ਉਨ੍ਹਾਂ ਦੀਆਂ ਪਰਵਾਰਕ ਲੋੜਾਂ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਲਈ ਹੇਠ ਲਿਖੀ ਮਦਦ ਦਿਤੀ ਗਈ।

| | |
|---|---|
| ਬੀਬੀ ਕੁਲਦੀਪ ਕੌਰ, ਕਾਲਾ ਸੰਘਿਆ(ਕਪੂਰਥਲਾ) ਪਤੀ ਜੇਲ੍ਹ, ਕੇਸ ਦੀ ਪੈਰਵੀ ਤੇ ਬੱਚਿਆਂ ਦੀ ਪਾਲਨਾ ਲਈ | ੪੦੦੦-੦੦ |
| ਬੀਬੀ ਪਰਮਿੰਦਰ ਕੌਰ ਤ੍ਰਿਪੜੀ ਪਟਿਆਲਾ ਪਤੀ ਜੇਲ੍ਹ, ਕੇਸ ਦੀ ਪੈਰਵੀ ਤੇ ਪਰਵਾਰਕ ਲੋੜਾਂ ਲਈ | ੪੦੦੦-੦੦ |
| ਬੀਬੀ ਜਸਵੀਰ ਕੌਰ ਪਟਿਆਲਾ " " " " | ੪੦੦੦-੦੦ |
| ਮਾਤਾ ਪ੍ਰੀਤਮ ਕੌਰ ਪਟਿਆਲਾ ਪੁਤਰ ਜੇਲ੍ਹ, " " " | ੪੦੦੦-੦੦ |
| ਮਾਤਾ ਬਲਦੇਵ ਕੌਰ ਪਟਿਆਲਾ ਪੁਤਰ ਜੇਲ੍ਹ, " " " | ੪੦੦੦-੦੦ |
| ਬੀਬੀ ਗੁਰਦੇਵ ਕੌਰ, ਅੰਮ੍ਰਿਤਸਰ — ਪਤੀ ਲਾ-ਪਤਾ, ਪਰਵਾਰਕ ਲੋੜਾਂ ਲਈ | ੪੦੦-੦੦ |
| ਬੀਬੀ ਸੁਰਿੰਦਰ ਕੌਰ ਸੁਪਤਨੀ ਭਾ: ਗੁਰਦਿਆਲ ਸਿੰਘ ਬੁਤਾਲਾ(ਅੰਮ੍ਰਿਤਸਰ)ਪਤੀ ਜੇਲ੍ਹ, ਘਰੇਲੂ ਹਾਲਤ ਖਰਾਬ | ੪੦੦੦-੦੦ |
| ਮਾਸਕ ਸਹਾਇਤਾ ਬੈਂਕ ਰਾਹੀਂ 5+6+5+8 = 24 ਪਰਵਾਰਾਂ ਨੂੰ | ੫੩੦੦-੦੦ |

## ਹੜ੍ਹ-ਪੀੜਤਾਂ ਦੀ ਸਹਾਇਤਾ

ਪਿਛਲੇ ਮਹੀਨੇ ਹੜ੍ਹ-ਪੀੜਤਾਂ ਦੀ ਸਹਾਇਤਾ ਲਈ 1,14,116 ਰੁਪਏ ਦੇ ਕੰਬਲ ਤੇ ਤ੍ਰਿਪਾਲਾਂ ਬਿਨਾਂ ਜਾਤ ਪਾਤ ਦੇ ਵਿਤਕਰੇ ਦੇ ਵੰਡੀਆਂ ਗਈਆਂ ਸਨ। ਹੁਣ ਗੁਰਦਾਸਪੁਰ ਦੇ ਦੁਆਲੇ ਪੀੜਤ ਇਲਾਕੇ ਦਾ ਸਰਵੇ ਕਰ ਕੇ ਉਥੇ ਕੰਬਲ ਆਦਿ ਭੇਜੇ ਜਾ ਰਹੇ ਹਨ। ਖਾਲਸਾ ਜੀ ਦਾ ਸੇਵਾਦਾਰ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

www.AKJ.Org

# ਕੈਲੰਡਰ ੧੯੯੯

**ਜਨਵਰੀ**

| | | | | | |
|---|---|---|---|---|---|
| ਐਤ | ੧ | ੮ | ੧੫ | ੨੨ | ੨੯ |
| ਸੋਮ | ੨ | ੯ | ੧੬ | ੨੩ | ੩੦ |
| ਮੰਗਲ | ੩ | ੧੦ | ੧੭ | ੨੪ | ੩੧ |
| ਬੁਧ | ੪ | ੧੧ | ੧੮ | ੨੫ | |
| ਵੀਰ | ੫ | ੧੨ | ੧੯ | ੨੬ | |
| ਸ਼ੁਕਰ | ੬ | ੧੩ | ੨੦ | ੨੭ | |
| ਸ਼ਨੀ | ੭ | ੧੪ | ੨੧ | ੨੮ | |

**ਫ਼ਰਵਰੀ**

| | | | | | |
|---|---|---|---|---|---|
| ਐਤ | | ੫ | ੧੨ | ੧੯ | ੨੬ |
| ਸੋਮ | | ੬ | ੧੩ | ੨੦ | ੨੭ |
| ਮੰਗਲ | | ੭ | ੧੪ | ੨੧ | ੨੮ |
| ਬੁਧ | ੧ | ੮ | ੧੫ | ੨੨ | |
| ਵੀਰ | ੨ | ੯ | ੧੬ | ੨੩ | |
| ਸ਼ੁਕਰ | ੩ | ੧੦ | ੧੭ | ੨੪ | |
| ਸ਼ਨੀ | ੪ | ੧੧ | ੧੮ | ੨੫ | |

**ਮਾਰਚ**

| | | | | | |
|---|---|---|---|---|---|
| ਐਤ | | ੫ | ੧੨ | ੧੯ | ੨੬ |
| ਸੋਮ | | ੬ | ੧੩ | ੨੦ | ੨੭ |
| ਮੰਗਲ | | ੭ | ੧੪ | ੨੧ | ੨੮ |
| ਬੁਧ | ੧ | ੮ | ੧੫ | ੨੨ | ੨੯ |
| ਵੀਰ | ੨ | ੯ | ੧੬ | ੨੩ | ੩੦ |
| ਸ਼ੁਕਰ | ੩ | ੧੦ | ੧੭ | ੨੪ | |
| ਸ਼ਨੀ | ੪ | ੧੧ | ੧੮ | ੨੫ | |

**ਅਪ੍ਰੈਲ**

| | | | | | |
|---|---|---|---|---|---|
| ਐਤ | ੩੦ | ੨ | ੯ | ੧੬ | ੨੩ |
| ਸੋਮ | | ੩ | ੧੦ | ੧੭ | ੨੪ |
| ਮੰਗਲ | | ੪ | ੧੧ | ੧੮ | ੨੫ |
| ਬੁਧ | | ੫ | ੧੨ | ੧੯ | ੨੬ |
| ਵੀਰ | | ੬ | ੧੩ | ੨੦ | ੨੭ |
| ਸ਼ੁਕਰ | | ੭ | ੧੪ | ੨੧ | ੨੮ |
| ਸ਼ਨੀ | ੧ | ੮ | ੧੫ | ੨੨ | ੨੯ |

**ਮਈ**

| | | | | | |
|---|---|---|---|---|---|
| ਐਤ | | ੭ | ੧੪ | ੨੧ | ੨੮ |
| ਸੋਮ | ੧ | ੮ | ੧੫ | ੨੨ | ੨੯ |
| ਮੰਗਲ | ੨ | ੯ | ੧੬ | ੨੩ | ੩੦ |
| ਬੁਧ | ੩ | ੧੦ | ੧੭ | ੨੪ | ੩੧ |
| ਵੀਰ | ੪ | ੧੧ | ੧੮ | ੨੫ | |
| ਸ਼ੁਕਰ | ੫ | ੧੨ | ੧੯ | ੨੬ | |
| ਸ਼ਨੀ | ੬ | ੧੩ | ੨੦ | ੨੭ | |

**ਜੂਨ**

| | | | | | |
|---|---|---|---|---|---|
| ਐਤ | | ੪ | ੧੧ | ੧੮ | ੨੫ |
| ਸੋਮ | | ੫ | ੧੨ | ੧੯ | ੨੬ |
| ਮੰਗਲ | | ੬ | ੧੩ | ੨੦ | ੨੭ |
| ਬੁਧ | | ੭ | ੧੪ | ੨੧ | ੨੮ |
| ਵੀਰ | ੧ | ੮ | ੧੫ | ੨੨ | ੨੯ |
| ਸ਼ੁਕਰ | ੨ | ੯ | ੧੬ | ੨੩ | ੩੦ |
| ਸ਼ਨੀ | ੩ | ੧੦ | ੧੭ | ੨੪ | |

**ਜੁਲਾਈ**

| | | | | | |
|---|---|---|---|---|---|
| ਐਤ | ੩੦ | ੨ | ੯ | ੧੬ | ੨੩ |
| ਸੋਮ | ੩੧ | ੩ | ੧੦ | ੧੭ | ੨੪ |
| ਮੰਗਲ | | ੪ | ੧੧ | ੧੮ | ੨੫ |
| ਬੁਧ | | ੫ | ੧੨ | ੧੯ | ੨੬ |
| ਵੀਰ | | ੬ | ੧੩ | ੨੦ | ੨੭ |
| ਸ਼ੁਕਰ | | ੭ | ੧੪ | ੨੧ | ੨੮ |
| ਸ਼ਨੀ | ੧ | ੮ | ੧੫ | ੨੨ | ੨੯ |

**ਅਗਸਤ**

| | | | | | |
|---|---|---|---|---|---|
| ਐਤ | | ੬ | ੧੩ | ੨੦ | ੨੭ |
| ਸੋਮ | | ੭ | ੧੪ | ੨੧ | ੨੮ |
| ਮੰਗਲ | ੧ | ੮ | ੧੫ | ੨੨ | ੨੯ |
| ਬੁਧ | ੨ | ੯ | ੧੬ | ੨੩ | ੩੦ |
| ਵੀਰ | ੩ | ੧੦ | ੧੭ | ੨੪ | ੩੧ |
| ਸ਼ੁਕਰ | ੪ | ੧੧ | ੧੮ | ੨੫ | |
| ਸ਼ਨੀ | ੫ | ੧੨ | ੧੯ | ੨੬ | |

**ਸਤੰਬਰ**

| | | | | | |
|---|---|---|---|---|---|
| ਐਤ | | ੩ | ੧੦ | ੧੭ | ੨੪ |
| ਸੋਮ | | ੪ | ੧੧ | ੧੮ | ੨੫ |
| ਮੰਗਲ | | ੫ | ੧੨ | ੧੯ | ੨੬ |
| ਬੁਧ | | ੬ | ੧੩ | ੨੦ | ੨੭ |
| ਵੀਰ | | ੭ | ੧੪ | ੨੧ | ੨੮ |
| ਸ਼ੁਕਰ | ੧ | ੮ | ੧੫ | ੨੨ | ੨੯ |
| ਸ਼ਨੀ | ੨ | ੯ | ੧੬ | ੨੩ | ੩੦ |

**ਅਕਤੂਬਰ**

| | | | | | |
|---|---|---|---|---|---|
| ਐਤ | ੧ | ੮ | ੧੫ | ੨੨ | ੨੯ |
| ਸੋਮ | ੨ | ੯ | ੧੬ | ੨੩ | ੩੦ |
| ਮੰਗਲ | ੩ | ੧੦ | ੧੭ | ੨੪ | ੩੧ |
| ਬੁਧ | ੪ | ੧੧ | ੧੮ | ੨੫ | |
| ਵੀਰ | ੫ | ੧੨ | ੧੯ | ੨੬ | |
| ਸ਼ੁਕਰ | ੬ | ੧੩ | ੨੦ | ੨੭ | |
| ਸ਼ਨੀ | ੭ | ੧੪ | ੨੧ | ੨੮ | |

**ਨਵੰਬਰ**

| | | | | | |
|---|---|---|---|---|---|
| ਐਤ | | ੫ | ੧੨ | ੧੯ | ੨੬ |
| ਸੋਮ | | ੬ | ੧੩ | ੨੦ | ੨੭ |
| ਮੰਗਲ | | ੭ | ੧੪ | ੨੧ | ੨੮ |
| ਬੁਧ | ੧ | ੮ | ੧੫ | ੨੨ | ੨੯ |
| ਵੀਰ | ੨ | ੯ | ੧੬ | ੨੩ | ੩੦ |
| ਸ਼ੁਕਰ | ੩ | ੧੦ | ੧੭ | ੨੪ | |
| ਸ਼ਨੀ | ੪ | ੧੧ | ੧੮ | ੨੫ | |

**ਦਸੰਬਰ**

| | | | | | |
|---|---|---|---|---|---|
| ਐਤ | ੩੧ | ੩ | ੧੦ | ੧੭ | ੨੪ |
| ਸੋਮ | | ੪ | ੧੧ | ੧੮ | ੨੫ |
| ਮੰਗਲ | | ੫ | ੧੨ | ੧੯ | ੨੬ |
| ਬੁਧ | | ੬ | ੧੩ | ੨੦ | ੨੭ |
| ਵੀਰ | | ੭ | ੧੪ | ੨੧ | ੨੮ |
| ਸ਼ੁਕਰ | ੧ | ੮ | ੧੫ | ੨੨ | ੨੯ |
| ਸ਼ਨੀ | ੨ | ੯ | ੧੬ | ੨੩ | |

ਮਾਘੀ ੧੩ ਜਨਵਰੀ, ਹੋਲਾ ਮਹੱਲਾ ੨੩ ਮਾਰਚ, ਵੈਸਾਖੀ ੧੩ ਅਪ੍ਰੈਲ, ਸ਼ਹੀਦੀ ਮੇਲਾ ਚਮਕੌਰ ...


ਸ਼ਹੀਦੀ ਮੇਲਾ ਸਰਹੰਦ ੨੭ ਦਸੰਬਰ, ਦੁਸਹਿਰਾ ੧੦ ਅਕਤੂਬਰ, ਦੀਵਾਲੀ ੨੯ ਅ...

| ਦਿਹਾਰ | ਜਨਵਰੀ | ਫ਼ਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ | ਸਤੰਬਰ |
|---|---|---|---|---|---|---|---|---|---|
| ਸੰਗਰਾਂਦ | ੧੩ | ੧੨ | ੧੪ | ੧੩ | ੧੪ | ੧੪ | ੧੬ | ੧੬ | |
| ਪੂੰਨਿਆ | ੨੧ | ੨੦ | ੨੨ | ੨੧ | ੨੦ | ੧੯ | ੧੮ | ੧੭ | |
| ਮਸਿਆ | ੭ | ੬ | ੭ | ੬ | ੫ | ੩ | ੩ | | |

ਗੁਰਪੁਰਬ ਲਭਣ ਲਈ ਦੂਜੇ ਪਾਸੇ ਗੁਰ ਇਤਿਹਾਸ ਦੀਆਂ ਮਹੱਤਵ ਪ...

www.AKJ.Org

## ਭਾ: ਸਾ: ਸਨਮੁਖ ਸਿੰਘ ਜੀ ਜਬਲਪੁਰ ਅਕਾਲ ਚਲਾਣਾ ਕਰ ਗਏ



ਭਾਈ ਸਾਹਿਬ ਸਨਮੁਖ ਸਿੰਘ ਜੀ ਅਖੰਡ ਕੀਰਤਨੀ ਜਥੇ ਨਾਲ ਚਿਰਾਂ ਤੋਂ ਸਾਂਝ ਪਾਈ, ਨਾਮ ਬਾਣੀ ਦੇ ਰਸ ਭੁੰਚਦਿਆਂ ਭੁੰਚਾਉਂਦਿਆਂ, ਅੰਤ ਸਮੇਂ ਵੀ ਬਾਣੀ ਸ੍ਰਵਣ ਕਰਦੇ 15-11-88 ਨੂੰ ਗੁਰਪੁਰੀ ਪਿਆਨੇ ਕਰ ਗਏ। ਇਕ ਅਥਰੀ ਗਊ ਨਾਲ ਦੁਰਘਟਨਾ ਵਿਚ ਕੁਚਲੇ ਜਾਣ ਕਾਰਨ ਹਸਪਤਾਲ ਵਿਚ ਕਾਫੀ ਖੇਚਲ ਦੇ ਹੁੰਦਿਆਂ ਵੀ ਅੰਤਲੇ ਪਲਾਂ ਨੂੰ ਗੁਰੂ ਗੁਰੂ ਜਪਦੇ ਸੁਫਲਾ ਕਰ ਗਏ। ਸਰਬ-ਲੋਹੀ ਰਹਿਤ ਬਹਿਤ ਨੂੰ ਉਹ ਕਾਫ਼ੀ ਘਾਲ ਘਾਲ ਕੇ ਤੋੜ ਨਿਭਾਅ ਗਏ। ਦੋ ਤਿੰਨ ਵੇਰ ਸਰੀਰਕ ਕਸ਼ਟ ਆਉਣ ਤੇ, ਰੋਮਾਂ ਦੀ ਬੇਅਦਬੀ ਤੋਂ ਬਚਣ ਲਈ, ਉਪਰੇਸ਼ਨ ਕਰਾਉਣ ਵਿਰੁਧ ਡਟੇ ਰਹੇ ਅਤੇ ਸਤਿਗੁਰੂ ਦੀ ਬਖ਼ਸ਼ਸ਼ ਨਾਲ ਉਹ ਨੌ-ਬਰ-ਨੌ ਹੋ ਜਾਂਦੇ ਰਹੇ। ਉਹ ਗੁਰ-ਇਤਿਹਾਸ ਚੋਂ ਬਾਬਾਣੀਆਂ ਕਹਾਣੀਆਂ ਸੁਣਾਂਦਿਆਂ ਆਪ ਵੀ ਬੈਰਾਗ ਵਿਚ ਆ ਜਾਂਦੇ ਸਨ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

---

# ਲੁਧਿਆਣਾ ਵਿਖੇ ਦਸਮੇਸ਼ ਪ੍ਰਕਾਸ਼ ਉਤਸ਼ਵ ਸਮਾਗਮ

### ੧੨ ਜਨਵਰੀ ਵੀਰਵਾਰ ਸਵੇਰ ਤੋਂ ੧੫ ਜਨਵਰੀ ੧੯੮੯ ਐਤਵਾਰ ਸਵੇਰ ਤਕ

ਅਖੰਡ ਕੀਰਤਨੀ ਜਥਿਆਂ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਸਦਾ ਵਾਂਗ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ--

੧੨-੧-੮੯ ਸਵੇਰੇ ੫ ਤੋਂ ੭-੩੦ ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸ਼ਾਮ ੬ ਤੋਂ ੯ ਅਖੰਡ ਕੀਰਤਨ

੧੩-੧-੮੯ ਸਵੇਰੇ ੬ ਤੋਂ ੧੨-੦੦ ਆਸਾ ਦੀ ਵਾਰ ਤੇ ਅਖੰਡ ਕੀਰਤਨ ਸ਼ਾਮ ੬ ਤੋਂ ੯ ਅਖੰਡ ਕੀਰਤਨ

੧੪-੧-੮੯ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ, ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤਕ, ਸ਼ਾਮ ੬-੩੦ ਰੈਣ ਸਬਾਈ ਕੀਰਤਨ ਅਰੰਭ ਦੁਪਹਿਰ ਪਿਛੋਂ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ (੧੫-੧-੮੯ ਸਵੇਰੇ ੬-੩੦ ਸਮਾਪਤੀ)

ਨੋਟ--(੧) ਸਵਾਗਤੀ ਦਫ਼ਤਰ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ। (੨) ਬਿਸਤਰੇ ਜ਼ਰੂਰ ਲਿਆਉ ਜੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਲੁਧਿਆਣਾ

# ਅਖੰਡ ਕੀਰਤਨੀ ਜਥਾ ਯੂ.ਕੇ. (ਇੰਗਲੈਂਡ) ਵਲੋਂ ਸਮਾਗਮ

(1) ਦਸਮੇਸ਼ ਆਗਮਨ ਗੁਰਪੁਰਬ—੧੩ ਤੋਂ ੧੫ ਜਨਵਰੀ ੧੯੮੯ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ ਅਖੰਡ ਕੀਰਤਨ ਦਰਬਾਰ, ਗਲੋਵ ਸਟਰੀਟ, ਬਰਮਿੰਘਮ ਵਿਖੇ ਹੋਣਗੇ। ਜਥੇ ਵਲੋਂ ਹੋ ਰਹੇ ਇਸ ਸਮਾਗਮ ਵਿਚ ਆਇ ਦੀਦਾਰ ਬਖਸ਼ੋ ਜੀ। ਵਧੇਰੇ ਜਾਣਕਾਰੀ ਲਈ ਭਾਈ ਦੀਦਾਰ ਸਿੰਘ, ਹਡਰਜ਼ ਫ਼ੀਲਡ, ਟੈਲੀਫੋਨ : 0484-545165.

(2) ਮਿਤੀ 19 ਤੋਂ 21 ਸ਼ਾਮ ਸ੍ਰੀ ਅਖੰਡਪਾਠ, ਸੋਦਰ ਤੋਂ ਉਪਰੰਤ ਰੈਣ ਸਬਾਈ ਕੀਰਤਨ ਅਰੰਭ ਅਤੇ ਅੰਮ੍ਰਿਤ ਸਿੰਚਾਰ ਗੁਰਦਵਾਰਾ ਸਿਖ ਟੈਂਪਲ 31-ਰੁਟਲੈਂਡ ਰੋਡ, ਮੇਡਨ ਹੈਡ ਵਿਖੇ। ਗੁਰਦਵਾਰਾ ਫੋਨ : 0628-23507.

ਵਧੇਰੇ ਜਾਣਕਾਰੀ ਲਈ ਸ: ਕਰਨੈਲ ਸਿੰਘ ਪੰਨੂੰ ਸੈਕਟਰੀ ਗੁਰਦਵਾਰਾ ਫੋਨ : 0628-28536

ਯੂ. ਕੇ. ਦੇ ਲਾਈਫ਼ ਮੈਂਬਰਾਂ ਦੇ ਬਕਾਏ ਤੇ ਚੰਦੇ ਯੂ.ਕੇ. ਵਿਚ ਹੀ ਜਮ੍ਹਾ ਕਰਾਓ

S. Gurnam Singh, 10-Lambourne Gardens, Early, Reading, Berks. U.K.

---

'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ-ਭਾਈ ਸਾਹਿਬ ਜੀਵਨ ਸਿੰਘ ਜੀ ਨੇ ਅਮਰੀਕਾ ਤੋਂ 88 ਪਰਦੇਸੀ ਸਜਣਾਂ ਦੇ ਚੰਦੇ ਭੇਜ ਕੇ ਇਸ ਗੁਰਮਤਿ ਪੱਤਰ ਦੇ ਨਵੇਂ ਮੈਂਬਰ ਬਣਾਏ ਹਨ। ਸਤਿਗੁਰੂ ਖੁਸ਼ੀਆਂ ਬਖਸ਼ਣ।

---

ਮਨੀਆਰਡਰ ਤੇ ਬੈਂਕ ਡਰਾਫਟ ਆਦਿ ਭੇਜਣ ਦਾ ਪਤਾ

**Sura Monthly, Bazar Mai Sewan, Amritsar**

www.AKJ.Org